




ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਸ਼ੁੱਕਰਵਾਰ, 11 ਮਾਰਚ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)


ਅਦਾਰਾ 'ਰੋਜ਼ਾਨਾ ਲੋਕ ਬਾਣੀ' ਵਲੋਂ ਆਮ ਆਦਮੀ ਪਾਰਟੀ ਦੇ ਸਾਰੇ ਜੇਤੂ ਉਮੀਦਵਾਰਾਂ ਨੂੰ ਵਧਾਈਆਂ ਪੰਜਾਬ ਦੇ ਲੋਕਾਂ ਨੇ ਤੁਹਾਨੂੰ ਚੁੱਣ ਕੇ ਬਦਲਾਵ ਵਾਲਾ ਰਸਤਾ ਚੁਣਿਆ ਹੈ ਤੇ ਬਦਲਾਵ ਵਾਲਾ ਬਟਣ ਦਬਾ ਕੇ ਤੁਹਾਡੇ ਤੇ ਉਮੀਦਾਂ ਰਖਿਆ ਹਨ ਤੇ ਹੁਣ ਜੈਤੂ ਉਮੀਦਵਾਰ ਜੋ ਚੁਣੇ ਗਏ ਹਨ ਉਹ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ ਉਨ੍ਹਾਂ ਨੂੰ ਵੀ ਵਧਾਈਆਂ ਉਹ ਉਮੀਦਵਾਰ ਵੀ ਸਰਕਾਰ ਦੇ ਹਰ ਕੰਮ ਤੇ ਅੱਖ ਰਖਣ ਤੇ ਪੰਜਾਬ ਦੇ ਭਲੇ ਤੇ ਵਿਕਾਸ ਲਈ ਯੋਗਦਾਨ ਦੇਣ ਵਲੋਂ ਮੁੱਖ ਸੰਪਾਦਕ।


R.N.I. Punpun/29016/2008 ✲ ਸਾਲ : 14 ✲ ਅੰਕ : 374 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111




# ਦੇਸ਼ ਦੇ ਪੰਜ ਸੂਬਿਆਂ ਚੋਂ ਚਾਰ ਭਾਜਪਾ ਹਿੱਸੇ ਆਏ ਤੇ

# ਪੰਜਾਬ ਆਪ ਦਾ ਹੋਇਆ

**ਜਲੰਧਰ/ਦੀਪਕ ਨਟਰਾਜ**

ਪੰਜ ਸੂਬਿਆਂ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ ਵਿਚ। ਯੂਪੀ ਵਿੱਚ ਇੱਕ ਵਾਰ ਫਿਰ ਭਾਜਪਾ ਸਰਕਾਰ ਬਣਾਉਂਦੀ ਨਜ਼ਰ ਆ ਰਹੀ ਹੈ। ਰੁਝਾਨਾਂ ਮੁਤਾਬਕ ਭਾਜਪਾ ਨੂੰ ਪੂਰਨ ਬਹੁਮਤ ਮਿਲਿਆ ਹੈ। ਉੱਤਰਾਖੰਡ ਵਿੱਚ ਵੀ ਭਾਜਪਾ ਵਾਪਸੀ ਕਰਦੀ ਨਜ਼ਰ ਆ ਰਹੀ ਹੈ। ਇਸ ਦੇ ਨਾਲ ਹੀ ਪੰਜਾਬ @ਚ ਆਮ ਆਦਮੀ ਪਾਰਟੀ ਦਾ ਹੂੰਝਾ ਫੇਰੂ ਚੱਲਿਆ ਹੈ। ਗੋਆ ਅਤੇ ਮਨੀਪੁਰ ਵਿੱਚ ਭਾਜਪਾ ਬਹੁਮਤ ਦੀ ਕਗਾਰ 'ਤੇ ਹੈ।

## ਇਸ ਵਾਰ ਪੰਜਾਬ ਦੇ ਮੇਨ ਲੀਡਰ ਥੋਕ 'ਚ ਹਾਰੇ



**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਵਿਧਾਨ ਸਭਾ ਦੇ ਵੋਟਾਂ ਦੀ ਗਿਣਤੀ ਦੇ ਤਾਜ਼ਾ ਰੁਝਾਨ ਵਿੱਚ ਪਟਿਆਲਾ ਤੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਾਰ ਗਏ ਹਨ। ਜਲਾਲਾਬਾਦ ਤੋਂ ਸੁਖਬੀਰ ਸਿੰਘ ਬਾਦਲ,ਭਦੌੜ ਤੇ ਚਮਕੌਰ ਸਾਹਿਬ ਤੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਕਾਂਗਰਸ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅੰਮ੍ਰਿਤਸਰ ਪੂਰਬੀ ਤੋਂ ਹਾਰ ਗਏ ਹਨ।ਤੇ ਬੀਬੀ ਜਗੀਰ ਕੌਰ, ਮਨੋਰੰਜਨ ਕਾਲੀਆਂ, ਆਸ਼ੂ,ਰਿੰਕੂ,ਲੰਬੀ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਹਾਰ ਗਏ ਹਨ।

## ਯੂਕਰੇਨ ਚ 8 ਲੱਖ ਬੱਚਿਆਂ ਨਾਲ 20 ਲੱਖ ਲੋਕਾਂ ਨੇ ਦੇਸ਼ ਛੱਡਿਆ

**ਯੂਕਰੇਨ/ਲੋਕ ਬਾਣੀ:-** ਸੰਯੁਕਤ ਰਾਸ਼ਟਰ ਮੁਤਾਬਕ 20 ਲੱਖ ਲੋਕ ਯੂਕਰੇਨ ਛਡ ਚੁੱਕੇ ਹਨ। ਇਸ ਵਿੱਚ 8 ਲੱਖ ਬੱਚੇ ਵੀ ਸ਼ਾਮਲ ਹਨ। ਕਈ ਅਜਿਹੇ ਬੱਚੇ ਵੀ ਹਨ ਜਿਨ੍ਹਾਂ ਨੂੰ ਆਪਣੇ ਮਾਪਿਆਂ ਤੋਂ ਬਿਨਾਂ ਯੂਕਰੇਨ ਛੱਡਣ ਲਈ ਮਜ਼ਬੂਰ ਕੀਤਾ ਗਿਆ ਸੀ। 2/ 11 ਸੰਯੁਕਤ ਰਾਸ਼ਟਰ ਨੇ ਕਿਹਾ- ਜੰਗ @ਚ ਹੁਣ ਤੱਕ 474 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 861 ਲੋਕ ਜ਼ਖਮੀ ਹਨ। ਸੰਯੁਕਤ ਰਾਸ਼ਟਰ ਨੇ ਕਿਹਾ- ਜੰਗ @ਚ ਹੁਣ ਤੱਕ 474 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 861 ਲੋਕ ਜ਼ਖਮੀ ਹਨ।

## ਖਟਕੜਕਲਾ ਵਿੱਚ ਸਹੁੰ ਚੁਕਣਗੇ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ

**ਚੰਡੀਗੜ/ਲੋਕ ਬਾਣੀ:** ਆਮ ਆਦਮੀ ਪਾਰਟੀ ਦੇ ਉਮੀਦਵਾਰ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਖਟਕੜ ਕਲਾਂ ਵਿੱਚ ਸਹੁੰ ਚੁੱਕੇਗੀ। ਉਨ੍ਹਾਂ ਕਿਹਾ ਕਿ ਸਹੁੰ ਚੁੱਕ ਸਮਾਗਮ ਦੀ ਤਰੀਕ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111



# ਜਲੰਧਰ ਤੋਂ ਕਾਂਗਰਸੀ ਉਮੀਦਵਾਰ ਨੇ ਜਿੱਤ ਦੀ ਖ਼ੁਸ਼ੀ 'ਚ

# ਬੀਜੇਪੀ ਵਾਲੇ ਦੇ ਕਪੜੇ ਪਾੜੇ

**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਦੇ ਜਲੰਧਰ ਤੋ ਖਬਰ ਮਿਲੀ ਜਿੱਥੇ ਅੱਜ ਕਾਗਰਸ ਦੇ ਹੈਨਰੀ ਧੜੇ ਦੀ ਜਿੱਤ ਹੋਣ ਤੇ ਪਹੁੰਚੇ ਬੀਜੇਪੀ ਦੇ ਕਿਸ਼ਨ ਲਾਲ ਦੇ ਕਪੜੇ ਫਾੜ ਗੁੰਡਾਗਰਦੀ ਕੀਤੀ ਜਿਸ ਤੋ ਬਾਅਦ ਕਿਸ਼ਨ ਲਾਲ ਬੀਜੇਪੀ ਆਗੂ ਜਲੰਧਰ ਪੁਲਿਸ ਮੁੱਖੀ ਦੇ ਦਫਤਰ ਅੱਗੇ ਧਰਨੇ ਤੇ ਬੈਠ ਗਏ ਤੇ ਹੈਨਰੀ ਧੜੇ ਤੇ ਮਾਮਲਾ ਦਰਜ ਕਰਨ ਤੇ ਅੜੇ ਰਹੇ ਪੰਜਾਬ ਪੁਲਿਸ ਦੀ ਵਡੀ ਕਾਰਵਾਈ ਕਰਦੇ ਮਾਮਲਾ ਦਰਜ ਕਰ ਲਿਆ ਗਿਆ ਹੈ

# ਗੋਆ ਦੇ ਰੁਝਾਨ 'ਚ ਹੰਗ ਅਸੈਂਬਲੀ ਦੀ ਸੰਭਾਵਨਾ, ਕੀ ਫਿਰ ਹੋਵੇਗੀ ਹੇਰਾਫੇਰੀ ਦੀ ਰਾਜਨੀਤੀ !

**ਨਵੀਂ ਦਿੱਲੀ/ਲੋਕ ਬਾਣੀ:-** ਗੋਆ ਵਿਧਾਨ ਸਭਾ ਚੋਣ ਨਤੀਜਿਆਂ ਵਿੱਚ ਇੱਕ ਵਾਰ ਫਿਰ ਗੋਆ ਵਿੱਚ ਹੰਗ ਅਸੈਂਬਲੀ ਬਣਨ ਦੀ ਸੰਭਾਵਨਾ ਹੈ। ਦੱਸ ਦੇਈਏ ਕਿ ਗੋਆ ਭਾਰਤੀ ਜਨਤਾ ਪਾਰਟੀ ਇਸ ਸਮੇਂ 40 @ਚੋਂ 19 ਸੀਟਾਂ @ਤੇ ਅੱਗੇ ਹੈ, ਜਦਕਿ ਕਾਂਗਰਸ 10 ਸੀਟਾਂ @ਤੇ ਅੱਗੇ ਹੈ। ਦੂਜੇ ਪਾਸੇ ਮਹਾਰਾਸ਼ਟਰਵਾਦੀ ਗੋਮਾਂਤਕ ਅਤੇ ਆਜ਼ਾਦ ਉਮੀਦਵਾਰ 3-3 ਸੀਟਾਂ @ਤੇ ਅੱਗੇ ਚੱਲ ਰਹੇ ਹਨ। ਇਸ ਨਾਲ ਆਮ ਆਦਮੀ ਪਾਰਟੀ ਦੋ ਸੀਟਾਂ @ਤੇ ਅੱਗੇ ਹੈ।

ਗੋਆ ਵਿਧਾਨ ਸਭਾ ਚੋਣ ਨਤੀਜਿਆਂ @ਚ 19 ਸੀਟਾਂ @ਤੇ ਬੜ੍ਹਤ ਹਾਸਲ ਕਰਨ ਤੋਂ ਬਾਅਦ ਗੋਆ ਦੇ ਮੁੱਖ ਮੰਤਰੀ ਅਤੇ ਭਾਜਪਾ ਨੇਤਾ ਪ੍ਰਮੋਦ ਸਾਵੰਤ ਨੇ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਐੱਮ.ਜੀ.ਪੀ. ਅਤੇ ਆਜ਼ਾਦ ਉਮੀਦਵਾਰਾਂ ਨਾਲ ਮਿਲ ਕੇ ਸਰਕਾਰ ਬਣਾਏਗੀ। ਹਾਲਾਂਕਿ 2019 @ਚ ਭਾਜਪਾ ਦੇ ਸੁਧੀਨ ਧਾਵਲੀਕਰ ਦੀ ਅਗਵਾਈ ਵਾਲੀ ਮਹਾਰਾਸ਼ਟਰਵਾਦੀ ਗੋਮਾਂਤਕ ਪਾਰਟੀ ਦੇ ਰਿਸ਼ਤੇ ਵਿਗੜ ਗਏ। ਹਾਲਾਂਕਿ ਹੁਣ ਸਾਵੰਤ ਦੇ ਇਸ ਬਿਆਨ ਤੋਂ ਬਾਅਦ ਲੱਗਦਾ ਹੈ ਕਿ ਭਾਜਪਾ ਧਾਵਲੀਕਰ ਨੂੰ ਖਦੇੜਨ @ਚ ਕਾਮਯਾਬ ਹੋ ਗਈ ਹੈ। ਗੋਆ ਭਾਜਪਾ ਇੰਚਾਰਜ ਦੇਵੇਂਦਰ ਫੜਨਵੀਸ ਨੇ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਬੁੱਧਵਾਰ ਨੂੰ ਕਿਹਾ ਸੀ ਕਿ ਐਮਜੀਪੀ ਭਾਜਪਾ ਦੀ




ਕੁਦਰਤੀ ਸਹਿਯੋਗੀ ਹੈ। ਗੋਆ ਵਿੱਚ ਮਹਾਰਾਸ਼ਟਰਵਾਦੀ ਗੋਮਾਂਤਕ ਪਾਰਟੀ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨਾਲ ਗੱਠਜੋੜ ਵਿੱਚ ਹੈ। ਨਤੀਜਿਆਂ ਤੋਂ ਪਹਿਲਾਂ, ਐਮਜੀਪੀ ਨੂੰ ਕਾਫ਼ੀ ਸੀਟਾਂ ਜਿੱਤ ਕੇ ਕਿੰਗਮੇਕਰ ਬਣਨ ਦੀ ਉਮੀਦ ਸੀ, ਜੋ ਇਸ ਸਮੇਂ ਅੰਸ਼ਕ ਤੌਰ @ਤੇ ਦਿਖਾਈ ਦੇ ਰਹੀ ਹੈ।

# ਕਾਂਗਰਸ ਨੂੰ ਲੱਗੇ 10 ਮਾਰਚ ਨੂੰ ਵੱਡੇ ਝਟਕੇ

## 'ਆਪ' ਦੇ ਦਿੱਲੀ ਰਿਕਾਰਡ ਨੇ ਉਸ ਦੀ ਪੰਜਾਬ 'ਚ ਮਦਦ ਕੀਤੀ



**ਮੁੰਬਈ/ਲੋਕ ਬਾਣੀ**

ਰਾਸ਼ਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) ਮੁਖੀ ਸ਼ਰਦ ਯਾਦਵ ਨੇ ਵੀਰਵਾਰ ਨੂੰ ਕਿਹਾ ਕਿ ਪੰਜਾਬ ਦੇ ਚੋਣ ਨਤੀਜੇ ਕਾਂਗਰਸ ਲਈ 'ਝਟਕਾ' ਹਨ। ਜਦਕਿ ਆਮ ਆਦਮੀ ਪਾਰਟੀ (ਆਪ) ਨੂੰ ਦਿੱਲੀ 'ਚ ਉਸ ਦੀ ਸਰਕਾਰ ਦੇ ਪ੍ਰਦਰਸ਼ਨ ਦਾ ਫਾਇਦਾ ਮਿਲਿਆ ਹੈ। ਸ਼ਰਦ ਨੇ ਇਸ ਗੱਲ ਦੀ ਪੈਰਵੀ ਕੀਤੀ ਕਿ ਵਿਰੋਧੀ ਪਾਰਟੀਆਂ ਨੂੰ ਨਾਲ ਲਿਆ ਕੇ ਭਾਜਪਾ ਨੂੰ ਬਦਲ (ਵਿਕਲਪ) ਦੇਣ ਦੀ ਪ੍ਰਕਿਰਿਆ ਸ਼ੁਰੂ ਕਰਨੀ ਚਾਹੀਦੀ ਹੈ। 'ਆਪ' ਦੇ ਦਿੱਲੀ ਰਿਕਾਰਡ ਨੇ ਉਸ ਦੀ ਪੰਜਾਬ 'ਚ ਮਦਦ ਕੀਤੀ, ਕਿਉਂਕਿ ਰਾਸ਼ਟਰੀ ਰਾਜਧਾਨੀ 'ਚ ਰਹਿਣ ਵਾਲੇ ਆਮ ਲੋਕਾਂ ਨੇ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਨੂੰ ਸਵੀਕਾਰ ਕੀਤਾ ਹੈ।

ਪੰਜਾਬ 'ਚ 'ਆਪ' ਨੇ ਵੱਡੀ ਜਿੱਤ ਵੱਲ ਜਿੱਤ ਦਰਜ ਕੀਤੀ ਹੈ। ਚੋਣ ਨਤੀਜਿਆਂ 'ਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਨੇ ਜਿੱਤ ਹਾਸਲ ਕਰ ਕੇ ਕਾਂਗਰਸ ਸਰਕਾਰ ਨੂੰ ਸੱਤਾ ਤੋਂ ਬੇਦਖ਼ਲ ਕੀਤਾ ਹੈ। ਪੰਜਾਬ 'ਚ ਮੁੱਖ ਮੰਤਰੀ ਦੇ ਚਿਹਰੇ ਦੇ ਉਮੀਦਵਾਰ ਭਗਵੰਤ ਮਾਨ ਨੇ ਜਿੱਤ ਦਰਜ ਕੀਤੀ ਹੈ। ਸਾਬਕਾ ਕੇਂਦਰੀ ਮੰਤਰੀ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ "ਪੰਜਾਬ ਉਹ ਸੂਬਾ ਹੈ, ਜਿੱਥੇ ਕਾਂਗਰਸ ਸੱਤਾ 'ਚ ਹੈ, ਪੰਜਾਬ 'ਚ ਭਾਜਪਾ ਬਦਲਾਅ ਲਈ ਵੀ ਅਨੁਕੂਲ ਨਹੀਂ ਹੈ। ਨਤੀਜਿਆਂ 'ਚ ਕਾਂਗਰਸ ਨੂੰ ਝਟਕਾ ਲੱਗਾ ਹੈ।"

# ਬਟਾਲਾ ਅਤੇ ਸ੍ਰੀ ਹਰਗੋਬਿੰਦਪੁਰ ਵਿਧਾਨ ਸਭਾ ਹਲਕਿਆਂ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਜਿੱਤਾਂ ਦਰਜ ਕੀਤੀਆਂ

**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਵਿਧਾਨ ਸਭਾ ਚੋਣਾਂ-2022 ਦੇ ਨਤੀਜਿਆਂ ਦਾ ਅੱਜ ਐਲਾਨ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਗੁਰਦਾਸਪੁਰ ਦੇ 7 ਵਿਧਾਨ ਸਭਾ ਹਲਕਿਆਂ ਦੇ ਆਏ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਟਾਲਾ ਅਤੇ ਸ੍ਰੀ ਹਰਗੋਬਿੰਦਪੁਰ ਤੋਂ ਜੇਤੂ ਰਹੇ ਹਨ ਜਦਕਿ 5 ਵਿਧਾਨ ਸਭਾ ਹਲਕਿਆਂ ਡੇਰਾ ਬਾਬਾ ਨਾਨਕ, ਫ਼ਤਹਿਗੜ੍ਹ ਚੂੜੀਆਂ, ਕਾਦੀਆਂ, ਗੁਰਦਾਸਪੁਰ ਅਤੇ ਦੀਨਾਨਗਰ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ।

ਜ਼ਿਲ੍ਹਾ ਗੁਰਦਾਸਪੁਰ ਦੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਦੱਸਿਆ ਕਿ ਬਟਾਲਾ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਅਮਨ ਸ਼ੇਰ ਸਿੰਘ (ਸ਼ੈਰੀ ਕਲਸੀ) 28472 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ ਅਤੇ ਉਨ੍ਹਾਂ ਨੂੰ ਕੁੱਲ 55570 ਵੋਟਾਂ ਪਈਆਂ ਹਨ। ਉਨ੍ਹਾਂ ਦੱਸਿਆ ਕਿ ਦੂਸਰੇ ਸਥਾਨ 'ਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਅਸ਼ਵਨੀ ਸੇਖੜੀ ਰਹੇ ਹਨ, ਜਿਨ੍ਹਾਂ ਨੂੰ 27098 ਵੋਟਾਂ ਪਈਆਂ ਹਨ। ਬਟਾਲਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ. ਸੁੱਚਾ ਸਿੰਘ ਛੋਟੇਪੁਰ ਨੂੰ 23251 ਵੋਟਾਂ ਪਈਆਂ ਹਨ। ਕਮਿਊਨਿਸਟ ਪਾਰਟੀ ਦੇ ਉਮੀਦਵਾਰ ਸ. ਹੰਸਾ ਸਿੰਘ ਨੂੰ 332 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ. ਫ਼ਤਹਿਜੰਗ ਸਿੰਘ ਬਾਜਵਾ ਨੂੰ 13879 ਵੋਟਾਂ, ਪੰਜਾਬ ਕਿਸਾਨ ਦਲ ਦੇ ਉਮੀਦਵਾਰ ਸ. ਸੁਖਚੈਨ ਸਿੰਘ ਨੂੰ 523 ਵੋਟਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸ. ਗੁਰਬਚਨ ਸਿੰਘ ਨੂੰ 3653 ਵੋਟਾਂ, ਨੈਸ਼ਨਲ ਜਸਟਿਸ ਪਾਰਟੀ ਦੇ ਉਮੀਦਵਾਰ ਮਨਜੀਤ ਸਿੰਘ ਨੂੰ 156 ਵੋਟਾਂ, ਲੋਕ ਇਨਸਾਫ਼ ਪਾਰਟੀ ਦੇ ਉਮੀਦਵਾਰ ਵਿਜੇ ਕੁਮਾਰ ਤ੍ਰੇਹਨ ਨੂੰ 286 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਅਸ਼ਵਨੀ ਕੁਮਾਰ ਨੂੰ 109 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੰਜੀਵ ਕੁਮਾਰ ਨੂੰ 178 ਵੋਟਾਂ, ਅਜ਼ਾਦ ਉਮੀਦਵਾਰ ਸ. ਸੁੱਚਾ ਸਿੰਘ ਨੂੰ 290 ਵੋਟਾਂ, ਅਜ਼ਾਦ ਉਮੀਦਵਾਰ ਸ. ਬਲਵਿੰਦਰ ਸਿੰਘ ਨੂੰ 1562 ਵੋਟਾਂ ਅਤੇ ਨੋਟਾ ਨੂੰ 658 ਵੋਟਾਂ ਪਈਆਂ ਹਨ।

ਜ਼ਿਲ੍ਹਾ ਚੋਣ ਅਧਿਕਾਰੀ ਨੇ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਅਮਰਪਾਲ ਸਿੰਘ 16963 ਵੋਟਾਂ ਦੀ ਲੀਡ ਨਾਲ ਜੇਤੂ ਰਹੇ ਹਨ। ਉਨ੍ਹਾਂ ਨੂੰ ਕੁੱਲ 53205 ਵੋਟਾਂ ਪਈਆਂ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ. ਰਾਜਨਬੀਰ ਸਿੰਘ 36242 ਵੋਟਾਂ ਲੈ ਕੇ ਦੂਸਰੇ ਸਥਾਨ 'ਤੇ ਰਹੇ। ਉਨ੍ਹਾਂ ਅੱਗੇ ਦੱਸਿਆ ਕਿ ਕਾਂਗਰਸ ਪਾਰਟੀ ਦੇ ਮਨਦੀਪ ਸਿੰਘ ਨੂੰ 24563 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ. ਬਲਜਿੰਦਰ ਸਿੰਘ ਨੂੰ 1318 ਵੋਟਾਂ, ਬਹੁਜਨ ਸਮਾਜ ਪਾਰਟੀ (ਅੰਬੇਦਕਰ) ਦੇ ਉਮੀਦਵਾਰ ਸ. ਜਸਬੀਰ ਸਿੰਘ ਚਾਹਲ ਨੂੰ 1731 ਵੋਟਾਂ, ਪੀਪਲਜ਼ ਪਾਰਟੀ ਆਫ ਇੰਡੀਆ (ਡੈਮੋਕ੍ਰੇਟਿਕ) ਦੇ ਸ. ਮੁਖਤਿਆਰ ਸਿੰਘ ਨੂੰ 425 ਵੋਟਾਂ, ਸਾਂਝੀ ਵਿਰਾਸਤ ਪਾਰਟੀ ਦੇ ਉਮੀਦਵਾਰ ਸ. ਰੇਸ਼ਮ ਸਿੰਘ ਨੂੰ 353 ਵੋਟਾਂ, ਅਜ਼ਾਦ ਉਮੀਦਵਾਰ ਸ. ਹੰਸਾ ਸਿੰਘ ਨੂੰ 478 ਵੋਟਾਂ, ਅਜ਼ਾਦ ਉਮੀਦਵਾਰ ਡਾ. ਕਮਲਜੀਤ ਸਿੰਘ ਨੂੰ 4757 ਵੋਟਾਂ ਅਤੇ ਨੋਟਾ ਨੂੰ 1401 ਵੋਟਾਂ ਪਈਆਂ ਹਨ।



ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਵਿਧਾਨ ਸਭਾ ਹਲਕਾ ਫ਼ਤਹਿਗੜ੍ਹ ਚੂੜੀਆਂ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ 5545 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ। ਉਨ੍ਹਾਂ ਨੂੰ ਕੁੱਲ 46311 ਵੋਟਾਂ ਪੋਲ ਹੋਈਆਂ ਹਨ। ਇਸ ਹਲਕੇ ਤੋਂ 40766 ਵੋਟਾਂ ਲੈ ਕੇ ਸ਼੍ਰੋਮਣੀ ਅਕਾਲੀ ਦਲ ਸ. ਲਖਬੀਰ ਸਿੰਘ ਲੋਧੀਨੰਗਲ ਦੂਸਰੇ ਸਥਾਨ 'ਤੇ ਰਹੇ ਹਨ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਬਲਬੀਰ ਸਿੰਘ ਨੂੰ 35819 ਵੋਟਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸ. ਕੁਲਵੰਤ ਸਿੰਘ ਨੂੰ 3390 ਵੋਟਾਂ, ਪੰਜਾਬ ਲੋਕ ਕਾਂਗਰਸ ਪਾਰਟੀ ਦੇ ਸ. ਤਜਿੰਦਰ ਸਿੰਘ ਨੂੰ 406 ਵੋਟਾਂ, ਅਜ਼ਾਦ ਉਮੀਦਵਾਰ ਸ. ਅਮਰਬੀਰ ਸਿੰਘ ਨੂੰ 196 ਵੋਟਾਂ, ਅਜ਼ਾਦ ਉਮੀਦਵਾਰ ਸ. ਸਾਹਿਬ ਸਿੰਘ ਨੂੰ 399 ਵੋਟਾਂ, ਅਜ਼ਾਦ ਉਮੀਦਵਾਰ ਸ. ਬਲਜਿੰਦਰ ਸਿੰਘ ਨੂੰ 723 ਵੋਟਾਂ ਅਤੇ ਨੋਟਾ ਨੂੰ 812 ਵੋਟਾਂ ਪਈਆਂ ਹਨ।

ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ. ਸੁਖਜਿੰਦਰ ਸਿੰਘ ਰੰਧਾਵਾ 466 ਵੋਟਾਂ ਦੀ ਲੀਡ ਨਾਲ ਜੇਤੂ ਰਹੇ ਹਨ ਅਤੇ ਉਨ੍ਹਾਂ ਨੂੰ ਕੁੱਲ 52555 ਵੋਟਾਂ ਪਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸ. ਰਵੀਕਰਨ ਸਿੰਘ ਕਾਹਲੋਂ 52089 ਵੋਟਾਂ ਲੈ ਕੇ ਦੂਸਰੇ ਸਥਾਨ 'ਤੇ ਰਹੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਗੁਰਦੀਪ ਸਿੰਘ ਨੂੰ 31742 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ. ਕੁਲਦੀਪ ਸਿੰਘ ਨੂੰ 1913 ਵੋਟਾਂ, ਅਜ਼ਾਦ ਉਮੀਦਵਾਰ ਸ. ਸਤਨਾਮ ਸਿੰਘ ਨੂੰ 535 ਵੋਟਾਂ, ਅਜ਼ਾਦ ਉਮੀਦਵਾਰ ਸ. ਸੁਖਜਿੰਦਰ ਸਿੰਘ ਨੂੰ 887 ਵੋਟਾਂ, ਅਜ਼ਾਦ ਉਮੀਦਵਾਰ ਸ. ਗੁਰਦੀਪ ਸਿੰਘ ਨੂੰ 264 ਵੋਟਾਂ, ਅਜ਼ਾਦ ਉਮੀਦਵਾਰ ਸ. ਜਗਜੀਤ ਸਿੰਘ ਨੂੰ 2684 ਵੋਟਾਂ, ਅਜ਼ਾਦ ਉਮੀਦਵਾਰ ਡੋਮੀਨਿਕ ਮੱਟੂ ਨੂੰ 388 ਵੋਟਾਂ, ਅਜ਼ਾਦ ਉਮੀਦਵਾਰ ਸ. ਮਨਪ੍ਰੀਤ ਸਿੰਘ ਨੂੰ 203 ਅਤੇ ਨੋਟਾ ਨੂੰ 1099 ਵੋਟਾਂ ਪਈਆਂ ਹਨ।

ਕਾਦੀਆਂ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ. ਪ੍ਰਤਾਪ ਸਿੰਘ ਬਾਜਵਾ 7174 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ ਅਤੇ ਉਨ੍ਹਾਂ ਨੂੰ ਕੁੱਲ 48679 ਵੋਟਾਂ ਪੋਲ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦੇ ਉਮੀਦਵਾਰ ਸ. ਗੁਰਇਕਬਾਲ ਸਿੰਘ ਮਾਹਲ 41505 ਵੋਟਾਂ ਹਾਸਲ ਕਰਕੇ ਦੂਸਰੇ ਸਥਾਨ 'ਤੇ ਰਹੇ ਹਨ। ਇਸੇ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਜਗਰੂਪ ਸਿੰਘ ਸੇਖਵਾਂ ਨੂੰ 34916 ਵੋਟਾਂ, ਨੈਸ਼ਨਲ ਜਸਟਿਸ ਪਾਰਟੀ ਦੇ ਉਮੀਦਵਾਰ ਸ. ਹਰਦੀਪ ਸਿੰਘ ਨੂੰ 420 ਵੋਟਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸ. ਜਤਿੰਦਰਬੀਰ ਸਿੰਘ ਪੰਨੂ ਨੂੰ 4306 ਵੋਟਾਂ, ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਉਮੀਦਵਾਰ ਮਾਸਟਰ ਜੌਹਰ ਸਿੰਘ ਨੂੰ 747 ਵੋਟਾਂ, ਪੀਪਲਜ਼ ਪਾਰਟੀ ਆਫ ਇੰਡੀਆ (ਡੈਮੋਕ੍ਰੇਟਿਕ) ਡਾ. ਫ਼ਾਰੂਕ ਮਸੀਹ ਨੂੰ 141 ਵੋਟਾਂ, ਅਜ਼ਾਦ ਉਮੀਦਵਾਰ ਸ. ਅਮਰਪ੍ਰਤਾਪ ਸਿੰਘ ਨੂੰ 202 ਵੋਟਾਂ, ਅਜ਼ਾਦ ਉਮੀਦਵਾਰ ਸ. ਜਸਪਾਲ ਸਿੰਘ ਨੂੰ 588 ਵੋਟਾਂ, ਅਜ਼ਾਦ ਉਮੀਦਵਾਰ ਸ. ਪ੍ਰੇਮ ਸਿੰਘ ਨੂੰ 182 ਵੋਟਾਂ, ਅਜ਼ਾਦ ਉਮੀਦਵਾਰ ਸ. ਮੋਹਨੀਤ ਸਿੰਘ ਨੂੰ 401 ਵੋਟਾਂ, ਅਜ਼ਾਦ ਉਮੀਦਵਾਰ ਸ. ਰਾਜਵਿੰਦਰ ਸਿੰਘ ਨੂੰ 319 ਵੋਟਾਂ ਅਤੇ ਨੋਟਾ ਨੂੰ 777 ਵੋਟਾਂ ਪਈਆਂ ਹਨ।

ਜ਼ਿਲ੍ਹਾ ਚੋਣ ਅਧਿਕਾਰੀ ਜਨਾਬ ਮੁਹੰਮਦ ਇਸ਼ਫ਼ਾਕ ਨੇ ਅੱਗੇ ਦੱਸਿਆ ਕਿ ਦੀਨਾਨਗਰ ਵਿਧਾਨ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਸ੍ਰੀਮਤੀ ਅਰੁਨਾ ਚੌਧਰੀ 1131 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ ਅਤੇ ਉਨ੍ਹਾਂ ਨੂੰ ਕੁੱਲ 51133 ਵੋਟਾਂ ਪਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਹਲਕੇ ਤੋਂ 50002 ਵੋਟਾਂ ਲੈ ਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਸ਼ਮਸ਼ੇਰ ਸਿੰਘ ਦੂਸਰੇ ਨੰਬਰ 'ਤੇ ਰਹੇ ਹਨ। ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਸ੍ਰੀ ਕਮਲਜੀਤ ਚਾਵਲਾ ਨੂੰ 15534 ਵੋਟਾਂ, ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਸ੍ਰੀਮਤੀ ਰੇਨੂੰ ਕਸ਼ਯਪ ਨੂੰ 20560 ਵੋਟਾਂ, ਅਜ਼ਾਦ ਉਮੀਦਵਾਰ ਕੁਲਵੰਤ ਸਿੰਘ ਨੂੰ 1548 ਵੋਟਾਂ ਅਤੇ ਨੋਟਾ ਨੂੰ 931 ਵੋਟਾਂ ਪਈਆਂ ਹਨ।

ਵਿਧਾਨ ਸਭਾ ਹਲਕਾ ਗੁਰਦਾਸਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ. ਬਰਿੰਦਰਮੀਤ ਸਿੰਘ ਪਾਹੜਾ 7335 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ ਅਤੇ ਉਨ੍ਹਾਂ ਨੂੰ ਕੁੱਲ 43743 ਵੋਟਾਂ ਪਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ. ਗੁਰਬਚਨ ਸਿੰਘ ਬੱਬੇਹਾਲੀ 36408 ਵੋਟਾਂ ਲੈ ਕੇ ਦੂਸਰੇ ਸਥਾਨ 'ਤੇ ਰਹੇ। ਇਸੇ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਰਮਨ ਬਹਿਲ ਨੂੰ 29500 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਸ. ਪਰਮਿੰਦਰ ਸਿੰਘ ਗਿੱਲ ਨੂੰ 9819 ਵੋਟਾਂ, ਸੰਯੁਕਤ ਸੰਘਰਸ਼ ਪਾਰਟੀ ਦੇ ਉਮੀਦਵਾਰ ਸ. ਇੰਦਰਪਾਲ ਸਿੰਘ ਨੂੰ 2391 ਵੋਟਾਂ, ਪੰਜਾਬ ਕਿਸਾਨ ਦਲ ਦੇ ਉਮੀਦਵਾਰ ਸ. ਸਿਮਰਜੀਤ ਸਿੰਘ ਮਾਨ ਨੂੰ 305 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੰਨੀ ਨੂੰ 110 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੰਨੀ ਗਿੱਲ ਨੂੰ 250 ਵੋਟਾਂ, ਅਜ਼ਾਦ ਉਮੀਦਵਾਰ ਸ. ਕਰਨਦੀਪ ਸਿੰਘ ਨੂੰ 168 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਗੁਰਪ੍ਰੀਤ ਸਿੰਘ ਨੂੰ 134 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਜਗਦੀਸ਼ ਮਸੀਹ ਨੂੰ 172 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਦੀਪਕ ਸ਼ਰਮਾਂ ਨੂੰ 294 ਵੋਟਾਂ, ਅਜ਼ਾਦ ਉਮੀਦਵਾਰ ਸ੍. ਪਰਮਜੀਤ ਸਿੰਘ ਨੂੰ 159 ਵੋਟਾਂ ਅਤੇ ਨੋਟਾ ਨੂੰ 699 ਵੋਟਾਂ ਪਈਆਂ ਹਨ। ਜ਼ਿਲ੍ਹਾ ਚੋਣ ਅਧਿਕਾਰੀ ਨੇ ਜਨਾਬ ਮੁਹੰਮਦ ਇਸ਼ਫ਼ਾਕ ਨੇ ਵੋਟਾਂ ਅਤੇ ਵੋਟਾਂ ਦੀ ਗਿਣਤੀ ਅਮਨ-ਅਮਾਨ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜਨ ਲਈ ਸਮੁੱਚੇ ਚੋਣ ਅਮਲੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਿ ਸਾਰਿਆਂ ਨੇ ਆਪਣੀ ਡਿਊਟੀ ਨੂੰ ਪੂਰੀ ਮਿਹਨਤ ਤੇ ਤਨਦੇਹੀ ਨਾਲ ਨਿਭਾਈ ਹੈ। ਇਸ ਮੌਕੇ ਉਨ੍ਹਾਂ ਨੇ ਸਮੂਹ ਉਮੀਦਵਾਰਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਚੋਣ ਪ੍ਰੀਕਿਆ ਦੌਰਾਨ ਪ੍ਰਸ਼ਾਸਨ ਨੂੰ ਹਰ ਤਰਾਂ ਦਾ ਸਹਿਯੋਗ ਦਿੱਤਾ ਹੈ।



# Punjab Election Result 2022

# ਪੰਜਾਬ 'ਚ 'ਆਪ' ਨੂੰ ਬਹੁਮਤ, ਜਿੱਤੀਆਂ 92 ਸੀਟਾਂ, ਚੰਨੀ ਦੋਵੇਂ ਸੀਟਾਂ ਤੋਂ ਹਾਰੇ, ਕੈਪਟਨ-ਬਾਦਲ ਤੇ ਸਿੱਧੂ ਹਾਰੇ, ਭਗਵੰਤ ਮਾਨ ਤੇ ਅਸ਼ਵਨੀ ਜਿੱਤ

ਸ਼ੁਰੂਆਤੀ ਰੁਝਾਨਾਂ 'ਚ ਕਾਂਗਰਸ 13 ਸੀਟਾਂ @ਤੇ ਅਤੇ ਆਮ ਆਦਮੀ ਪਾਰਟੀ 88 ਸੀਟਾਂ @ਤੇ ਅੱਗੇ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਪਿੱਛੇ ਚੱਲ ਰਹੇ ਹਨ। ਭਾਜਪਾ

ਪੰਜਾਬੀ ਜਾਗਰਣ ਟੀਮ, ਚੰਡੀਗੜ੍ਹ : ਆਖਰਕਾਰ ਪੰਜਾਬ ਵਿਧਾਨ ਸਭਾ ਚੋਣਾਂ 2022 ਦੀ ਵੋਟਿੰਗ 'ਚ ਆਮ ਆਦਮੀ ਪਾਰਟੀ ਨੂੰ ਪੂਰਨ ਬਹੁਮਤ ਮਿਲ ਹੀ ਗਿਆ। ਪਾਰਟੀ ਨੇ ਹੁਣ ਤੱਕ 92 ਸੀਟਾਂ 'ਤੇ ਜਿੱਤ ਦਰਜ ਕਰ ਲਈ ਹੈ। ਆਪ ਦਾ ਸੀਐਮ ਫੇਸ ਭਗਵੰਤ ਮਾਨ ਸੰਗਰੂਰ ਦੀ ਧੂਰੀ ਸੀਟ ਤੋਂ ਜਿੱਤ ਗਏ ਹਨ। ਕਪੂਰਥਲਾ 'ਚ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ ਜਿੱਤ ਗਏ ਹਨ। ਉਨ੍ਹਾਂ ਦੇ ਪੁੱਤਰ ਵੀ ਆਜ਼ਾਦ ਉਮੀਦਵਾਰ ਤੇ ਤੌਰ 'ਤੇ ਵੀ ਜਿੱਤ ਗਏ ਹਨ। ਪੰਜਾਬ ਦੇ ਸੀਐਮ ਚਰਨਜੀਤ ਸਿੰਘ ਚੰਨੀ ਵੀ ਆਪਣੇ ਹਲਕਿਆਂ ਤੋਂ ਹਾਰ ਗਏ ਹਨ। ਅੰਮ੍ਰਿਤਸਰ ਪੂਰਬੀ ਤੋਂ ਨਵਜੋਤ ਸਿੰਘ ਸਿੱਧੂ ਵੀ ਆਪਣੇ ਹਲਕੇ ਤੋਂ ਚੋਣ ਹਾਰ ਗਏ ਹਨ।

ਸੂਬੇ ਦੇ ਕਈ ਮੰਤਰੀ ਪਿੱਛੇ ਚੱਲ ਰਹੇ ਹਨ, ਰਾਣਾ ਗੁਰਜੀਤ ਸਿੰਘ ਜੇਤੂ

ਸੂਬੇ ਵਿੱਚ ਕਿਸ ਪਾਰਟੀ ਦੀ ਸਰਕਾਰ ਬਣੇਗੀ, ਇਸ ਦੀ ਤਸਵੀਰ ਸਾਫ਼ ਹੋ ਗਈ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਝਾੜੂ ਪੂਰੀ ਤਰ੍ਹਾਂ ਨਾਲ ਚੱਲ ਪਿਆ ਹੈ। ਵਿਧਾਨ ਸਭਾ ਦੀਆਂ 117 ਸੀਟਾਂ ਲਈ 20 ਫਰਵਰੀ ਨੂੰ ਵੋਟਿੰਗ ਹੋਈ ਸੀ। ਇਸ ਵਾਰ ਸੂਬੇ ਵਿੱਚ 71.95 ਫੀਸਦੀ ਪੋਲਿੰਗ ਦਰਜ ਕੀਤੀ ਗਈ ਹੈ।

### 'ਆਪ' ਵਰਕਰਾਂ ਨੇ ਲੱਡੂ ਵੰਡੇ

ਪੰਜਾਬ ਵਿਧਾਨ ਸਭਾ ਚੋਣਾਂ ਦੀ ਵੋਟਿੰਗ 'ਚ ਸਾਰੀਆਂ 117 ਸੀਟਾਂ 'ਤੇ ਨਤੀਜੇ ਐਲਾਨ ਦਿੱਤੇ ਗਏ ਹਨ। ਇਸ 'ਚ ਆਮ ਆਦਮੀ ਪਾਰਟੀ ਨੂੰ 92 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ। ਕਾਂਗਰਸ ਨੂੰ 18 ਸੀਟਾਂ 'ਤੇ ਕਾਮਯਾਬੀ ਮਿਲੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਚਾਰ ਸੀਟਾਂ ਮਿਲੀਆਂ ਹਨ। ਭਾਜਪਾ ਨੂੰ ਦੋ ਸੀਟਾਂ ਹੀ ਮਿਸ ਸਕੀਆਂ ਹਨ।

ਪਜਾਬ ਵਿਧਾਨ ਸਭਾ ਹਲਕਾ ਦੀ ਵੋਟਾਂ ਦੀ ਗਿਣਤੀ 'ਚ ਹੁਣ ਤਕ 116 ਸੀਟਾਂ 'ਤੇ ਨਤੀਜੇ ਐਲਾਨ ਦਿੱਤੇ ਗਏ ਹਨ। ਇਨ੍ਹਾਂ 'ਚ ਆਮ ਆਦਮੀ ਪਾਰਟੀ ਨੂੰ 91 ਸੀਟਾਂ 'ਤੇ ਜਿੱਤ ਮਿਲੀ ਹੈ ਤੇ ਇਕ ਸੀਟ 'ਤੇ ਉਹ ਅੱਗੇ ਚੱਲ ਰਹੀ ਹੈ। ਕਾਂਗਰਸ ਨੂੰ 18 ਸੀਟਾਂ 'ਤੇ ਕਾਮਯਾਬੀ ਮਿਲੀ ਹੈ। ਸ਼੍ਰੋਮਣੀ ਅਕਾਲੀ ਦਲ ਗਠਜੋੜ ਨੂੰ ਚਾਰ ਸੀਟਾਂ ਮਿਲੀਆਂ ਹਨ।

**ਆਪ ਨੇ** ਸੂਬੇ 'ਚ ਦੋ ਤਿਹਾਈ ਬਹੁਮਤ ਹਾਸਲ ਕਰ ਲਿਆ ਹੈ। ਉਸ ਨੇ ਹੁਣ ਤੱਕ 88 ਸੀਟਾਂ ਜਿੱਤ ਲਈਆਂ ਹਨ ਤੇ ਤਿੰਨ 'ਤੇ ਅੱਗੇ ਚੱਲ ਰਹੀਆਂ ਹਨ।

**ਨਵਜੋਤ ਸਿੰਘ** ਸਿੱਧੂ ਨੂੰ ਹਰਾਉਣ ਵਾਲੀ ਜੀਵਨਜੋਤ ਕੌਰ ਨੇ ਕਿਹਾ ਕਿ ਇਹ ਪੰਜਾਬ ਦੇ ਲੋਕਾਂ ਦੀ ਜਿੱਤ ਹੈ। ਮੇਰਾ ਟਿਕਟ ਦਾ ਐਲਾਨ 2 ਦਸੰਬਰ ਨੂੰ ਹੋਇਆ ਸੀ। ਡੋਰ ਟੂ ਡੋਰ ਮੁਹਿੰਮ ਦੌਰਾਨ ਚੰਗਾ ਸੰਕੇਤ ਮਿਲਿਆ ਤੇ ਪੰਜਾਬ ਦੇ ਘਰਾਣਿਆਂ ਦੀ ਰਾਜਨੀਤੀ 'ਤੇ ਕਾਬੂ ਪਾ ਲਿਆ ਹੈ। ਜਨਤਾ ਨੇ ਬਦਲਾਅ ਨੂੰ ਵੋਟ ਦਿੱਤਾ। ਮੈਂ ਦਿਲੋਂ ਅੰਮ੍ਰਿਤਸਰ ਪੂਰਬੀ ਦੇ ਲੋਕਾਂ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਵਾਰ ਕੰਮ ਕਰਨ ਦਾ ਮੌਕਾ ਦਿੱਤਾ। ਮੈਂ ਅਕਸਕ ਕਹਿੰਦੀ ਸੀ ਕਿ ਦਿੱਗਜ ਆਪਣੇ ਕੰਮ ਨਾਲ ਬਣਦੇ ਹਾਂ ਇਨ੍ਹਾਂ ਵੱਡੇ-ਵੱਡੇ ਲੀਡਰਾਂ ਨੇ ਲੋਕਾਂ ਦਾ ਕੰਮ ਨਹੀਂ ਕੀਤੇ।

### ਚੰਡੀਗੜ੍ਹ

**'ਆਪ' ਨੇ** ਪੰਜਾਬ 'ਚ ਹੁਣ ਤਕ 65 ਸੀਟਾਂ ਜਿੱਤੀਆਂ ਹਨ। ਇਸ ਦੇ ਨਾਲ ਹੀ ਪਾਰਟੀ 27 ਸੀਟਾਂ @ਤੇ ਵੀ ਅੱਗੇ ਹੈ। ਕਾਂਗਰਸ ਨੂੰ ਹੁਣ ਤੱਕ 11 ਸੀਟਾਂ ਮਿਲੀਆਂ ਹਨ ਅਤੇ ਉਹ 7 ਸੀਟਾਂ @ਤੇ ਅੱਗੇ ਹੈ। ਭਾਜਪਾ ਨੇ ਇੱਕ ਸੀਟ ਜਿੱਤੀ ਹੈ।

**ਵਿਧਾਨ ਸਭਾ ਹਲਕਾ ਮਹਿਲਕਲਾਂ ਰਿਜ਼ਰਵ ਤੋਂ 'ਆਪ' ਵਿਧਾਇਕ ਕੁਲਵੰਤ ਪੰਡੋਰੀ ਦੂਜੀ ਵਾਰ ਜਿੱਤੇ**

ਬਰਨਾਲਾ ਦੇ ਮਹਿਲਕਲਾਂ ਤੋਂ ਆਪ ਦੇ ਉਮੀਦਵਾਰ ਕੁਲਵੰਤ ਸਿੰਘ ਪੰਡੋਰੀ ਦੂਜੀ ਵਾਰ ਜਿੱਤੇ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਗੁਰਜੰਟ ਸਿੰਘ ਕੱਟੂ ਨੂੰ 30 ਹਜ਼ਾਰ ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ।

ਕਾਦੀਆਂ ਤੋਂ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਜਿੱਤੇ। ਬਟਾਲਾ ਤੋਂ 'ਆਪ' ਦੇ ਅਮਨ ਸ਼ੇਰ ਸਿੰਘ ਜੇਤੂ ਰਹੇ। ਫਤਿਹਗੜ੍ਹ ਚੂੜੀਆਂ ਤੋਂ ਕਾਂਗਰਸ ਦੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਜਿੱਤ ਦਰਜ ਕਰਕੇ ਹੈਟ੍ਰਿਕ ਬਣਾਈ। ਸ੍ਰੀ ਹਰਗੋਬਿੰਦਪੁਰ ਤੋਂ ਆਮ ਆਦਮੀ ਪਾਰਟੀ ਦੇ ਅਮਰਬੀਰ ਸਿੰਘ ਜੇਤੂ ਰਹੇ।

'ਆਪ' ਨੂੰ ਬਹੁਮਤ ਮਿਲਿਆ। ਹੁਣ 59 ਸੀਟਾਂ ਜਿੱਤੀਆਂ ਹਨ। 33 ਪਰ ਉਹ ਅਜੇ ਵੀ ਅੱਗੇ ਹੈ। ਕਾਂਗਰਸ ਨੇ ਹੁਣ ਤੱਕ ਨੌਂ ਸੀਟਾਂ ਜਿੱਤੀਆਂ ਹਨ।

ਚਮਕੌਰ ਸਾਹਿਬ ਸੀਟ ਤੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀਹਾਰ ਗਏ ਹਨ। ਉਨ੍ਹਾਂ ਨੂੰ 'ਆਪ' ਦੇ ਡਾ: ਚਰਨਜੀਤ ਸਿੰਘ ਨੇ ਹਰਾਇਆ। ਸੀਐਮ ਚੰਨੀ ਭਦੌੜ ਸੀਟ ਤੋਂ ਹਾਰ ਗਏ ਹਨ।

ਪੰਜਾਬ 'ਚ ਆਮ ਆਦਮੀ ਪਾਰਟੀ ਨੇ ਹੁਣ ਤਕ 54 ਸੀਟਾਂ ਜਿੱਤ ਲਈਆਂ ਹਨ ਤੇ 38 ਸੀਟਾਂ @ਤੇ ਅੱਗੇ ਹੈ। ਕਾਂਗਰਸ ਨੇ 7 ਸੀਟਾਂ ਜਿੱਤੀਆਂ ਹਨ ਤੇ 11 @ਤੇ ਅੱਗੇ ਹੈ। ਭਾਜਪਾ ਗਠਜੋੜ ਨੇ ਇਕ ਸੀਟ ਜਿੱਤੀ ਹੈ ਤੇ ਦੋ @ਤੇ ਅੱਗੇ ਹੈ। ਇੱਕ @ਤੇ ਆਜ਼ਾਦ ਉਮੀਦਵਾਰ ਜਿੱਤਿਆ।

ਖੇਮਕਰਨ ਤੋਂ ਆਮ ਆਦਮੀ ਪਾਰਟੀ ਦੇ ਸਰਵਣ ਸਿੰਘ ਧੁੰਨ 11 ਹਜ਼ਾਰ 571 ਵੋਟਾਂ ਨਾਲ ਚੋਣ ਜਿੱਤੇ। ਧੁੰਨ ਨੂੰ 61668 ਵੋਟਾਂ ਮਿਲੀਆਂ। ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ ਨੂੰ 50097 ਵੋਟਾਂ ਮਿਲੀਆਂ। ਮੌਜੂਦਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੂੰ ਸਿਰਫ਼ 27 ਹਜ਼ਾਰ, 829 ਵੋਟਾਂ ਮਿਲੀਆਂ। ਖੇਮਕਰਨ ਹਲਕੇ ਵਿੱਚ ਕੁੱਲ 1 ਲੱਖ, 48 ਹਜ਼ਾਰ, 90 ਵੋਟਰਾਂ ਨੇ ਆਪਣੀ ਵੋਟ ਪਾਈ।



**ਫਤਿਹਗੜ੍ਹ ਸਾਹਿਬ** ਤੋਂ 'ਆਪ' ਦੇ ਲਖਵੀਰ ਸਿੰਘ ਰਾਏ 32199 ਨਾਲ ਜਿੱਤੇ। ਲਖਵੀਰ ਸਿੰਘ ਰਾਏ ਨੂੰ 57706, ਕਾਂਗਰਸ ਦੇ ਕੁਲਜੀਤ ਸਿੰਘ ਨਾਗਰਾ ਨੂੰ 25507, ਅਕਾਲੀ ਦਲ ਦੇ ਜਗਦੀਪ ਸਿੰਘ ਚੀਮਾ ਨੂੰ 10922 ਅਤੇ ਭਾਜਪਾ ਦੇ ਦੀਦਾਰ ਸਿੰਘ ਭੱਟੀ ਨੂੰ 14186 ਵੋਟਾਂ ਮਿਲੀਆਂ।

ਸ੍ਰੀਹਰਗੋਬਿੰਦਪੁਰ ਤੋਂ 'ਆਪ' ਉਮੀਦਵਾਰ ਅਮਰਪਾਲ ਸਿੰਘ ਜੇਤੂ ਬਣੇ।

15 ਸਾਲਾਂ ਬਾਅਦ ਕਾਂਗਰਸ ਨੇ ਇੱਕ ਵਾਰ ਫਿਰ ਸੁਜਾਨਪੁਰ ਇਲਾਕੇ @ਤੇ ਕਬਜ਼ਾ ਕਰ ਲਿਆ ਹੈ। ਸਾਬਕਾ ਮੰਤਰੀ ਰਘੂਨਾਥ ਸਹਾਏ ਪੁਰੀ ਦੇ ਪੁੱਤਰ ਅਤੇ ਕਾਂਗਰਸ ਉਮੀਦਵਾਰ ਨਰੇਸ਼ ਪੁਰੀ ਨੇ ਭਾਜਪਾ ਉਮੀਦਵਾਰ ਅਤੇ ਤਿੰਨ ਵਾਰ ਵਿਧਾਇਕ ਰਹੇ ਦਿਨੇਸ਼ ਸਿੰਘ ਬੱਬੂ ਨੂੰ ਹਰਾ ਕੇ ਕਾਂਗਰਸ ਨੂੰ ਜਿੱਤ ਦਿਵਾਈ। ਭੋਆ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਲ ਚੰਦ ਕਟਾਰੂਚੱਕ ਨੇ ਕਾਂਗਰਸੀ ਉਮੀਦਵਾਰ ਜੋਗਿੰਦਰ ਪਾਲ ਨੂੰ 1100 ਤੋਂ ਵੱਧ ਵੋਟਾਂ ਨਾਲ ਹਰਾਇਆ। ਜ਼ਿਲ੍ਹੇ ਵਿੱਚ ਤਿੰਨ ਵਿਧਾਨ ਸਭਾ ਹਲਕਿਆਂ ਵਿੱਚੋਂ ਭਾਜਪਾ ਨੇ ਇੱਕ, ਕਾਂਗਰਸ ਨੇ ਇੱਕ ਅਤੇ 'ਆਪ' ਨੇ ਵੀ ਇਕ ਸੀਟ @ਤੇ ਜਿੱਤ ਦਰਜ ਕੀਤੀ ਹੈ।

ਹਲਕਾ ਰਾਜਾਸਾਂਸੀ ਅੰਮ੍ਰਿਤਸਰ ਤੋਂ ਭਾਜਪਾ ਦੇ ਮੁਖਵਿੰਦਰ ਸਿੰਘ ਨੂੰ 1047, ਕਾਂਗਰਸ ਦੇ ਸੁਖਵਿੰਦਰ ਸਿੰਘ ਸਰਕਾਰੀਆ ਨੂੰ 28320, ਅਕਾਲੀ ਦਲ ਦੇ ਵੀਰ ਸਿੰਘ ਲੋਪੋਕੇ ਨੂੰ 26721, ਆਪ ਦੇ ਬਲਦੇਵ ਸਿੰਘ ਨੂੰ-22802 ਵੋਟਾਂ ਮਿਲੀਆਂ।

ਵਿਧਾਨ ਸਭਾ ਹਲਕਾ ਜਲਾਲਾਬਾਦ ਦੇ ਚੌਥੇ ਗੇੜ ਤੋਂ ਬਾਅਦ ਸਥਿਤੀ-

ਜਗਦੀਪ ਕੰਬੋਜ ਗੋਲਡੀ, ਆਪ: 18230
ਸੁਖਬੀਰ ਬਾਦਲ, ਸ਼੍ਰੋਮਣੀ ਅਕਾਲੀ ਦਲ: 13213
ਮੋਹਨ ਸਿੰਘ ਫਲੀਆਵਾਲਾ, ਕਾਂਗਰਸ: 1400
ਪੂਰਨ ਚੰਦ, ਭਾਜਪਾ: 1597

ਰੂਪਨਗਰ ਦੇ ਨੰਗਲ ਤੋਂ ਸੱਤਵੇਂ ਗੇੜ ਤੋਂ ਬਾਅਦ 'ਆਪ' ਦੇ ਹਰਜੋਤ ਬੈਂਸ 38105 ਅਤੇ ਕਾਂਗਰਸ ਦੇ ਰਾਣਾ ਕੇਪੀ ਸਿੰਘ 18546। ਲੀਡ 19559

ਮੋਗਾ ਦੇ ਤੀਜੇ ਗੇੜ ਦੀ ਗਿਣਤੀ ਪੂਰੀ ਹੋ ਗਈ ਹੈ, ਤੀਜੇ ਗੇੜ 'ਚ ਕਾਂਗਰਸ ਦੀ ਮਾਲਵਿਕਾ ਸੂਦ ਤੀਜੇ ਰਾਊਂਡ ਤੋਂ ਛਾਲ ਮਾਰ ਕੇ ਦੂਜੇ ਨੰਬਰ @ਤੇ ਪਹੁੰਚ ਗਈ ਹੈ। ਉਨ੍ਹਾਂ ਨੇ ਅਕਾਲੀ ਦਲ ਦੇ ਉਮੀਦਵਾਰ ਬਰਜਿੰਦਰ ਸਿੰਘ ਬਰਾੜ ਮੱਖਣ ਨੂੰ ਪਿੱਛੇ ਛੱਡ ਦਿੱਤਾ ਹੈ ਪਰ ਡਾ. ਆਮ ਆਦਮੀ ਪਾਰਟੀ ਦੀ ਅਮਨਦੀਪ ਕੌਰ ਆਪਣੀ ਨਜ਼ਦੀਕੀ ਵਿਰੋਧੀ ਕਾਂਗਰਸ ਦੀ ਮਾਲਵਿਕਾ ਸੂਦ ਤੋਂ 4244 ਵੋਟਾਂ ਦੇ ਫਰਕ ਨਾਲ ਅੱਗੇ ਚੱਲ ਰਹੀ ਹੈ।

ਨਾਭਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੇਵ ਸਿੰਘ ਦੇਵ ਮਾਨ ਕਰੀਬ 20 ਹਜ਼ਾਰ ਵੋਟਾਂ ਨਾਲ ਅੱਗੇ ਚੱਲ ਰਹੇ ਹਨ। ਦੀਨਾਨਗਰ ਤੋਂ 'ਆਪ' ਦੇ ਸ਼ਮਸ਼ੇਰ ਸਿੰਘ ਕਾਂਗਰਸ ਦੀ ਅਰੁਣਾ ਚੌਧਰੀ ਤੋਂ 2056 ਵੋਟਾਂ ਨਾਲ ਅੱਗੇ ਚੱਲ ਰਹੇ ਹਨ। ਮਲੋਟ ਤੋਂ ਤੀਜੇ ਗੇੜ ਵਿੱਚ ਆਮ ਆਦਮੀ ਪਾਰਟੀ ਦੀ ਉਮੀਦਵਾਰ ਦਲਜੀਤ ਕੌਰ 9151 ਵੋਟਾਂ ਨਾਲ ਅੱਗੇ ਚੱਲ ਰਹੀ ਹੈ। ਅੰਮ੍ਰਿਤਸਰ ਪੱਛਮੀ ਤੋਂ ਹੁਣ ਤੱਕ ਆਮ ਆਦਮੀ ਪਾਰਟੀ ਦੇ ਜਸਵੀਰ ਸਿੰਘ ਨੂੰ 14080, ਕਾਂਗਰਸ ਦੇ ਡਾਕਟਰ ਰਾਜ ਕੁਮਾਰ ਨੂੰ 4882, ਅਕਾਲੀ ਦਲ ਦੇ ਦਲਬੀਰ ਸਿੰਘ ਵੇਰਕਾ ਨੂੰ 1752 ਵੋਟਾਂ ਮਿਲੀਆਂ ਹਨ।

'ਆਪ' ਨੇ ਹੁਣ ਤੱਕ 23 ਸੀਟਾਂ ਜਿੱਤੀਆਂ ਹਨ ਅਤੇ 68 @ਤੇ ਅੱਗੇ ਹੈ। ਹੁਣ ਤੱਕ ਸਥਿਤੀ

ਪਾਰਟੀ - ਜਿੱਤ - ਅੱਗੇ - ਕੁੱਲ
ਆਪ- 23 68 - 91
ਕਾਂਗਰਸ - 02 - 17 - 19
ਅਕਾਲੀ ਦਲ ਗਠਜੋੜ - 01 - 02 - 03
ਭਾਜਪਾ ਗਠਜੋੜ - 01 02 - 03
ਹੋਰ - 01 - 00 - 00

ਆਮ ਆਦਮੀ ਪਾਰਟੀ ਦੇ ਸਾਬਕਾ 5"® ਹਰਭਜਨ ਸਿੰਘ ਜੰਡਿਆਲਾ ਗੁਰੂ ਤੋਂ 25055 ਵੋਟਾਂ ਨਾਲ ਜਿੱਤੇ।

ਆਮ ਆਦਮੀ ਪਾਰਟੀ ਨੇ ਪੰਜਾਬ ਦੇ ਨਵੇਂ ਬਣੇ 23ਵੇਂ ਜ਼ਿਲ੍ਹੇ ਮਾਲੇਰਕੋਟਲਾ ਦੀਆਂ ਦੋ ਵਿਧਾਨ ਸਭਾ ਸੀਟਾਂ ਵੀ ਜਿੱਤ ਲਈਆਂ ਹਨ। ਮਾਲੇਰਕੋਟਲਾ 'ਚ ਕੈਬਨਿਟ ਮੰਤਰੀ ਰਹਿ ਚੁੱਕੀ ਰਜ਼ੀਆ ਸੁਲਤਾਨਾ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਮੀਲ ਉਰ ਰਹਿਮਾਨ ਤੋਂ ਮਾਤ ਮਿਲੀ। ਜਮੀਲ ਉਰ ਰਹਿਮਾਨ 21501 ਵੋਟਾਂ ਨਾਲ ਜੇਤੂ ਰਹੇ। ਰਹਿਮਾਨ ਨੂੰ 65098 ਵੋਟਾਂ ਮਿਲੀਆਂ। ਰਜ਼ੀਆ ਸੁਲਤਾਨਾ ਨੂੰ 44197, ਪੰਜਾਬ ਲੋਕ ਕਾਂਗਰਸ ਦੀ ਫਰਜ਼ਾਨਾ ਆਲਮ ਨੂੰ 3755, ਸ਼੍ਰੋਮਣੀ ਅਕਾਲੀ ਦਲ (ਬ) ਦੇ ਨੁਸਰਤ ਅਲੀ ਖਾਨ ਨੂੰ 8403 ਵੋਟਾਂ ਮਿਲੀਆਂ।

ਬਰਨਾਲਾ ਵਿਧਾਨ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ 36637 ਵੋਟਾਂ ਨਾਲ ਜਿੱਤੇ। ਅਜਨਾਲਾ ਤੋਂ ਤੇਰ੍ਹਵੇਂ ਗੇੜ 'ਚ ਅਕਾਲੀ ਦਲ ਦੇ ਅਮਰਪਾਲ ਸਿੰਘ ਨੂੰ 33878, ਕਾਂਗਰਸ ਦੇ ਹਰਪ੍ਰਤਾਪ ਸਿੰਘ ਨੂੰ 32582, ਆਮ ਆਦਮੀ ਪਾਰਟੀ ਦੇ ਕੁਲਦੀਪ ਸਿੰਘ ਧਾਰੀਵਾਲ ਨੂੰ 41396 ਵੋਟਾਂ ਮਿਲੀਆਂ।

ਫਤਿਹਗੜ੍ਹ ਸਾਹਿਬ 'ਚ 'ਆਪ' ਦੇ ਲਖਵੀਰ ਸਿੰਘ ਰਾਏ 14 ਰਾਊਂਡ ਲਈ 30754 ਤੋਂ ਅੱਗੇ ਸਨ। ਲਖਵੀਰ ਸਿੰਘ ਰਾਏ ਨੂੰ 54713, ਕਾਂਗਰਸ ਦੇ ਕੁਲਜੀਤ ਸਿੰਘ ਨਾਗਰਾ ਨੂੰ 23963, ਅਕਾਲੀ ਦਲ ਦੇ ਜਗਦੀਪ ਸਿੰਘ ਚੀਮਾ ਨੂੰ 10459 ਅਤੇ ਭਾਜਪਾ ਦੇ ਦੀਦਾਰ ਸਿੰਘ ਭੱਟੀ ਨੂੰ 13538 ਵੋਟਾਂ ਮਿਲੀਆਂ।

ਬਰਨਾਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਲਗਭਗ 33000 ਵੋਟਾਂ ਦੇ ਫਰਕ ਨਾਲ ਅੱਗੇ ਚੱਲ ਰਹੇ ਹਨ। 14ਵੇਂ ਦੌਰ ਤੱਕ ਸਥਿਤੀ-

ਕੁਲਵੰਤ ਸਿੰਘ (ਅਕਾਲੀ ਦਲ) - 24640
ਗੁਰਮੀਤ ਸਿੰਘ (ਆਪ) - 57824
ਧੀਰਜ ਕੁਮਾਰ (ਭਾਜਪਾ) - 8919
ਮਨੀਸ਼ ਬਾਂਸਲ (ਕਾਂਗਰਸ) - 15370
ਗੁਰਪ੍ਰੀਤ ਸਿੰਘ (ਅਕਾਲੀ ਦਲ ਮਾਨ) - 8554

ਰਾਜੇਵਾਲ ਦੀ ਜ਼ਮਾਨਤ ਜ਼ਬਤ

ਸਮਰਾਲਾ ਸੀਟ ਤੋਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਜ਼ਮਾਨਤ ਜ਼ਬਤ ਹੋ ਗਈ।

ਸਾਬਕਾ ਸੀਐਮ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਓਪੀ ਸੋਨੀ ਹਾਰੇ, ਵੜਿੰਗ ਦੀ ਜਿੱਤ

ਆਮ ਆਦਮੀ ਪਾਰਟੀ ਦੇ ਡਾ. ਅਜੇ ਗੁਪਤਾ ਨੇ ਅੰਮ੍ਰਿਤਸਰ ਕੇਂਦਰੀ ਤੋਂ ਉਪ ਮੁੱਖ ਮੰਤਰੀ ਓਮਪ੍ਰਕਾਸ਼ ਸੋਨੀ ਨੂੰ 14026 ਵੋਟਾਂ ਦੇ ਫਰਕ ਨਾਲ ਹਰਾਇਆ। ਇਸ ਤੋਂ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਾਰ ਗਏ ਹਨ। ਗਿੱਦੜਬਾਹਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਜਿੱਤ ਹੋਈ ਹੈ।

ਪੰਜਾਬ 'ਚ 'ਆਪ' ਨੇ ਹੁਣ ਤਕ 13 ਸੀਟਾਂ ਜਿੱਤੀਆਂ ਹਨ ਤੇ 79 ਸੀਟਾਂ @ਤੇ ਅੱਗੇ ਹੈ।

ਪਾਰਟੀ - ਜਿੱਤ - ਅੱਗੇ - ਕੁੱਲ
@ਆਪ@------13----79----- 92
ਕਾਂਗਰਸ----02---16-----18
ਅਕਾਲੀ ਦਲ ਗਠਜੋੜ-----00-----03-----03
ਭਾਜਪਾ ਗਠਜੋੜ-----01-----02-----03
ਹੋਰ-----01-----00-----01

ਦਿੜ੍ਹਬਾ ਤੋਂ 'ਆਪ' ਦੇ ਹਰਪਾਲ ਚੀਮਾ 50 ਹਜ਼ਾਰ ਨਾਲ ਜਿੱਤੇ

ਹਲਕਾ ਦਿੜਬਾ ਤੋਂ 'ਆਪ' ਦੇ ਹਰਪਾਲ ਸਿੰਘ ਲਗਾਤਾਰ ਦੂਜੀ ਵਾਰ ਜਿੱਤੇ। ਚੀਮਾ ਨੇ ਆਪਣੇ ਵਿਰੋਧੀ ਅਕਾਲੀ ਦਲ ਦੇ ਗੁਲਜ਼ਾਰ ਸਿੰਘ ਮੂਨਕ ਨੂੰ 50,655 ਵੋਟਾਂ ਨਾਲ ਹਰਾਇਆ ਹੈ। ਹਰਪਾਲ ਚੀਮਾ ਨੂੰ 82,228 ਵੋਟਾਂ, ਸ਼੍ਰੋਮਣੀ ਅਕਾਲੀ ਦਲ (ਬ) ਦੇ ਗੁਲਜ਼ਾਰ ਸਿੰਘ ਨੂੰ 31899, ਕਾਂਗਰਸ ਦੇ ਅਜੈਬ ਸਿੰਘ ਰੋਟਲਾਨ ਨੂੰ 10437, ਸ਼੍ਰੋਮਣੀ ਅਕਾਲੀ ਦਲ (ਅ) ਦੇ ਮਨਦੀਪ ਸਿੰਘ ਨੂੰ 8989, ਸ਼੍ਰੋਮਣੀ ਅਕਾਲੀ ਦਲ (ਯੂ) ਦੇ ਸੋਮਾ ਸਿੰਘ ਘਰਾਚੋ ਨੂੰ 4750 ਵੋਟਾਂ, ਸੰਯੁਕਤ ਸਮਾਜ ਮੋਰਚਾ ਦੇ ਮਾਲਵਿੰਦਰ ਸਿੰਘ ਨੂੰ 1191 ਵੋਟਾਂ ਹੀ ਮਿਲੀਆਂ।

ਨਵਜੋਤ ਸਿੰਘ ਸਿੱਧੂ ਦੀ ਹਾਰ, 'ਆਪ' ਦੀ ਜੀਵਨ ਜੋਤ ਜੇਤੂ

ਨਵਜੋਤ ਸਿੰਘ ਸਿੱਧੂ ਅੰਮ੍ਰਿਤਸਰ ਪੂਰਬੀ ਸੀਟ ਤੋਂ ਹਾਰੇ, ਇੱਥੋਂ 'ਆਪ' ਦੇ ਜੀਵਨ ਜੋਤ ਦੀ ਜਿੱਤ ਹੋਈ ਹੈ। ਆਮ ਆਦਮੀ ਪਾਰਟੀ ਦੀ ਜੀਵਨ ਜੋਤ ਨੂੰ 37258, ਕਾਂਗਰਸ ਦੇ ਨਵਜੋਤ ਸਿੰਘ ਸਿੱਧੂ ਨੂੰ 31716 ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੂੰ 24213 ਸੀਟਾਂ ਮਿਲੀਆਂ ਹਨ।

ਅੰਮ੍ਰਿਤਸਰ ਪੂਰਬੀ 'ਚ 11ਵੇਂ ਗੇੜ ਤਕ ਆਮ ਆਦਮੀ ਪਾਰਟੀ ਦੀ ਜੀਵਨ ਜੋਤ ਨੂੰ 34257, ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੂੰ 22431 ਅਤੇ ਕਾਂਗਰਸ ਦੇ ਨਵਜੋਤ ਸਿੰਘ ਸਿੱਧੂ ਨੂੰ 29128 ਵੋਟਾਂ ਮਿਲੀਆਂ ਹਨ। ਹਲਕਾ ਰਾਜਾਸਾਂਸੀ ਤੋਂ ਭਾਜਪਾ ਦੇ ਮੁਖਵਿੰਦਰ ਸਿੰਘ-911, ਕਾਂਗਰਸ ਦੇ ਸੁਖਵਿੰਦਰ ਸਿੰਘ ਸਰਕਾਰੀਆ-22449, ਅਕਾਲੀ ਦਲ ਦੇ ਵੀਰ ਸਿੰਘ ਲੋਪੋਕੇ-20862 ਅਤੇ 'ਆਪ' ਦੇ ਬਲਦੇਵ ਸਿੰਘ ਨੂੰ 17602 11 ਰਾਊਂਡ ਤੱਕ ਜਿੱਤ ਹਾਸਲ ਹੋਈ ਹੈ।

ਸੰਗਰੂਰ ਦੇ ਹਲਕਾ ਲਹਿਰਾਗਾਗਾ ਤੋਂ 'ਆਪ' ਉਮੀਦਵਾਰ ਵਕੀਲ ਵਰਿੰਦਰ ਗੋਇਲ ਨੂੰ ਜੇਤੂ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਆਪਣੇ ਵਿਰੋਧੀ ਪਰਮਿੰਦਰ ਸਿੰਘ ਢੀਂਡਸਾ ਨੂੰ 26518 ਵੋਟਾਂ ਦੇ ਫਰਕ ਨਾਲ ਹਰਾਇਆ। ਇੱਥੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਤੀਜੇ ਸਥਾਨ 'ਤੇ ਰਹੀ।

ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਅੰਮ੍ਰਿਤਸਰ ਸੈਂਟਰਲ ਤੋਂ ਪਿੱਛੇ ਚੱਲ ਰਹੇ ਹਨ। ਹੁਣ ਤਕ ਆਮ ਆਦਮੀ ਪਾਰਟੀ ਦੇ ਡਾ: ਅਜੇ ਗੁਪਤਾ ਨੂੰ 34638, ਕਾਂਗਰਸ ਦੇ ਓਮ ਪ੍ਰਕਾਸ਼ ਸੋਨੀ ਨੂੰ 21711 ਅਤੇ ਭਾਜਪਾ ਦੇ ਰਾਮ ਚਾਵਲਾ ਨੂੰ 12820 ਵੋਟਾਂ ਮਿਲੀਆਂ ਹਨ।

ਲੁਧਿਆਣਾ ਦੀ ਰਾਏਕੋਟ ਸੀਟ ਤੋਂ ਆਮ ਆਦਮੀ ਪਾਰਟੀ ਦੇ ਹਾਕਮ ਸਿੰਘ ਠੇਕੇਦਾਰ ਜਿੱਤੇ। ਵਿਧਾਨ ਸਭਾ ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਵਿੰਦਰ ਜੀਤ ਸਿੰਘ ਲਾਡੀ ਜੇਤੂ ਰਹੇ।

ਗੁਰਦਾਸਪੁਰ ਤੋਂ ਅਕਾਲੀ ਦਲ ਦੇ ਗੁਰਬਚਨ ਸਿੰਘ ਬੱਬੇਹਾਲੀ ਕਾਂਗਰਸ ਦੇ ਬਰਿੰਦਰਮੀਤ ਸਿੰਘ ਪਾਹੜਾ ਤੋਂ 34 ਵੋਟਾਂ ਨਾਲ ਅੱਗੇ ਹਨ।

ਲੁਧਿਆਣਾ 'ਚ 14ਵੇਂ ਗੇੜ 'ਚ ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ 7182 ਵੋਟਾਂ ਨਾਲ ਪਿੱਛੇ ਚੱਲ ਰਹੇ ਹਨ। ਮਹਿਲ ਕਲਾਂ ਤੋਂ 'ਆਪ' ਦੇ ਕੁਲਵੰਤ ਸਿੰਘ ਪੰਡੋਰੀ-41046, ਸ਼੍ਰੋਮਣੀ ਅਕਾਲੀ ਦਲ ਮਾਨ ਗੁਰਜੰਟ ਸਿੰਘ ਕੱਟੂ-19145, ਕਾਂਗਰਸ ਦੇ ਹਰਚੰਦ ਕੌਰ-14756 ਅਤੇ ਭਾਜਪਾ ਸ਼੍ਰੋਮਣੀ ਅਕਾਲੀ ਦਲ ਯੂਨਾਈਟਿਡ ਸੰਤ ਸੁਖਵਿੰਦਰ ਸਿੰਘ ਟਿੱਬਾ-2173 ਅਤੇ ਸ਼੍ਰੋਮਣੀ ਅਕਾਲੀ ਦਲ ਬਸਪਾ ਚਮਕੌਰ ਸਿੰਘ ਨੂੰ 99 ਵੋਟਾਂ ਪਈਆਂ ਹਨ।

ਰੂਪਨਗਰ ਦੇ ਨੰਗਲ ਤੋਂ 'ਆਪ' ਦੇ ਹਰਜੋਤ ਬੈਂਸ 57882 ਅਤੇ ਕਾਂਗਰਸ ਦੇ ਰਾਣਾ ਕੇਪੀ ਸਿੰਘ 25941। ਲੀਡ 31941, ਰਾਊਂਡ 12. ਅੰਮ੍ਰਿਤਸਰ ਦੱਖਣੀ ਤੋਂ ਆਮ ਆਦਮੀ ਪਾਰਟੀ ਦੇ ਇੰਦਰਬੀਰ ਸਿੰਘ ਨਿੱਝਰ ਨੂੰ 34761, ਕਾਂਗਰਸ ਦੇ ਇੰਦਰਬੀਰ ਸਿੰਘ ਬੁਲਾਰੀਆ ਨੂੰ 13320 ਅਤੇ ਅਕਾਲੀ ਦਲ ਦੇ ਤਲਬੀਰ ਸਿੰਘ ਗਿੱਲ ਨੂੰ ਹੁਣ ਤਕ 15448 ਵੋਟਾਂ ਮਿਲੀਆਂ ਹਨ।

ਪ੍ਰਤਾਪ ਸਿੰਘ ਬਾਜਵਾ ਅੱਗੇ, ਜਗੀਰ ਕੌਰ ਪਿੱਛੇ

ਕਾਦੀਆਂ ਤੋਂ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਅਕਾਲੀ ਦਲ ਦੇ ਗੁਰ ਇਕਬਾਲ ਸਿੰਘ ਮਾਹਲ ਤੋਂ 3132 ਵੋਟਾਂ ਨਾਲ ਅੱਗੇ ਹਨ। ਭੁਲੱਥ ਤੋਂ ਬੀਬੀ ਜਗੀਰ ਕੌਰ ਦੀ ਹਾਰ ਯਕੀਨੀ ਜਾਪਦੀ ਹੈ। 13ਵੇਂ ਗੇੜ ਵਿੱਚ ਸੁਖਪਾਲ ਸਿੰਘ ਖਹਿਰਾ ਦੀ ਬੜ੍ਹਤ ਨੌਂ ਹਜ਼ਾਰ ਨੂੰ ਪਾਰ ਕਰ ਗਈ ਹੈ।

ਪੰਜਾਬ 'ਚ ਹੁਣ ਤਕ ਦੇ ਹਾਲਾਤ
'ਆਪ' --- 91
ਕਾਂਗਰਸ --- 17

ਸ਼੍ਰੋਮਣੀ ਅਕਾਲੀ ਦਲ --- 6
ਭਾਜਪਾ ---- 2
ਹੋਰ --- 1

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਟਿਆਲਾ ਸ਼ਹਿਰੀ ਸੀਟ ਤੋਂ ਹਾਰ ਗਏ ਹਨ। ਉਹ 'ਆਪ' ਉਮੀਦਵਾਰ ਅਜੀਤ ਪਾਲ ਕੋਹਲੀ ਤੋਂ 19697 ਵੋਟਾਂ ਨਾਲ ਹਾਰ ਗਏ ਸਨ।

ਕਾਦੀਆਂ ਤੋਂ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਅਕਾਲੀ ਦਲ ਦੇ ਗੁਰਇਕਬਾਲ ਸਿੰਘ ਮਾਹਲ ਤੋਂ 1535 ਵੋਟਾਂ ਨਾਲ ਅੱਗੇ ਹਨ। ਬਰਨਾਲਾ ਵਿੱਚ ਅੱਠਵੇਂ ਗੇੜ ਤੱਕ 'ਆਪ' ਦੇ ਗੁਰਮੀਤ ਸਿੰਘ ਮੀਤ ਹੇਅਰ-31410, ਸ਼੍ਰੋਮਣੀ ਅਕਾਲੀ ਦਲ ਦੇ ਕੁਲਵੰਤ ਸਿੰਘ ਕਾਂਤਾ-13680, ਕਾਂਗਰਸ ਦੇ ਮਨੀਸ਼ ਬਾਂਸਲ-8938 ਅਤੇ ਭਾਜਪਾ ਦੇ ਧੀਰਜ ਕੁਮਾਰ ਨੂੰ-6428 ਵੋਟਾਂ ਮਿਲੀਆਂ।

ਵਿਧਾਨ ਸਭਾ ਸਪੀਕਰ ਰਾਣਾ ਕੇਪੀ ਸਿੰਘ ਹਾਰ ਗਏ

ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਚੋਣ ਹਾਰ ਗਏ ਹਨ। 'ਆਪ' ਦੇ ਹਰਜੋਤ ਬੈਂਸ ਨੇ ਆਨੰਦਪੁਰ ਸਾਹਿਬ ਤੋਂ ਸਪੀਕਰ ਰਾਣਾ ਕੇ.ਪੀ ਨੂੰ ਹਰਾਇਆ।

ਪੰਜਾਬ 'ਚ ਹੁਣ ਤਕ ਦਾ ਰੁਝਾਨ -
'ਆਪ' - 90
ਕਾਂਗਰਸ - 18
ਸ਼੍ਰੋਮਣੀ ਅਕਾਲੀ ਦਲ - 6
ਭਾਜਪਾ - 2
ਹੋਰ - 1

ਹੁਣ ਤਕ ਆਮ ਆਦਮੀ ਪਾਰਟੀ 89 ਸੀਟਾਂ @ਤੇ ਅੱਗੇ ਹੈ। ਦੁਪਹਿਰ 12 ਵਜੇ ਤਕ ਪੰਜਾਬ ਦੇ ਹਾਲਾਤ-
'ਆਪ' - 89
ਕਾਂਗਰਸ- 18
ਅਕਾਲੀ ਦਲ ਗਠਜੋੜ - 6
ਭਾਜਪਾ ਗਠਜੋੜ - 3
ਹੋਰ- 1

ਵਿਧਾਨ ਸਭਾ ਹਲਕਾ ਬਾਘਾਪੁਰਾਣਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੂੰ ਅੱਠਵੇਂ ਗੇੜ ਤਕ 42338 ਵੋਟਾਂ ਮਿਲੀਆਂ ਹਨ। ਅਕਾਲੀ ਦਲ ਦੇ ਉਮੀਦਵਾਰ ਤੀਰਥ ਸਿੰਘ ਮਾਹਲਾ ਨੂੰ 21205 ਅਤੇ ਕਾਂਗਰਸੀ ਵਿਧਾਇਕ ਦਰਸ਼ਨ ਸਿੰਘ ਬਰਾੜ ਨੂੰ 10661 ਵੋਟਾਂ ਮਿਲੀਆਂ।

ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਵਿੰਦਰ ਜੀਤ ਸਿੰਘ ਲਾਡੀ 6ਵੇਂ ਗੇੜ ਦੇ ਅੰਤ ਤਕ ਆਪਣੇ ਨਜ਼ਦੀਕੀ ਵਿਰੋਧੀ ਅਕਾਲੀ ਦਲ ਦੇ ਉਮੀਦਵਾਰ ਜਥੇਦਾਰ ਤੋਤਾ ਸਿੰਘ ਤੋਂ ਲਗਪਗ 12000 ਵੋਟਾਂ ਨਾਲ ਅੱਗੇ ਚੱਲ ਰਹੇ ਹਨ। 'ਆਪ' ਉਮੀਦਵਾਰ ਨੂੰ ਹੁਣ ਤੱਕ 19211 ਵੋਟਾਂ ਮਿਲੀਆਂ ਹਨ ਜਦਕਿ ਅਕਾਲੀ ਦਲ ਦੇ ਜਥੇਦਾਰ ਤੋਤਾ ਸਿੰਘ ਹੁਣ ਤੱਕ 16949 ਵੋਟਾਂ ਨਾਲ ਦੂਜੇ ਨੰਬਰ @ਤੇ ਹਨ।

ਬਟਾਲਾ ਤੋਂ 'ਆਪ' ਦੇ ਸ਼ੈਰੀ ਕਲਸੀ ਕਾਂਗਰਸ ਦੇ ਅਸ਼ਵਨੀ ਸੇਖੜੀ ਤੋਂ 14284 ਵੋਟਾਂ ਨਾਲ ਅੱਗੇ ਹਨ। ਤਰਨਤਾਰਨ ਵਿੱਚ 10ਵੇਂ ਗੇੜ ਤੋਂ ਬਾਅਦ 'ਆਪ' ਨੂੰ 28053, ਅਕਾਲੀ ਦਲ ਨੂੰ 20670 ਅਤੇ ਕਾਂਗਰਸ ਨੂੰ 15962 ਵੋਟਾਂ ਮਿਲੀਆਂ।

ਪੰਜਾਬ 'ਚ ਪਹਿਲੇ ਚੋਣ ਨਤੀਜੇ ਆ ਗਏ ਹਨ। ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਪਠਾਨਕੋਟ ਸੀਟ ਤੋਂ ਜਿੱਤ ਗਏ ਹਨ। ਕਪੂਰਥਲਾ ਤੋਂ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ ਜੇਤੂ ਰਹੇ ਹਨ।

ਚੰਨੀ ਹੌਲੀ-ਹੌਲੀ ਚਮਕੌਰ ਸਾਹਿਬ ਤੋਂ ਵਾਪਸੀ ਕਰ ਰਹੇ ਹਨ। 'ਆਪ' ਲੀਡ ਖਤਮ ਹੋ ਰਹੀ ਹੈ। ਚਮਕੌਰ ਸਾਹਿਬ ਤੋਂ ਹੁਣ ਤਕ 'ਆਪ' ਦੇ ਡਾ: ਚਰਨਜੀਤ ਸਿੰਘ ਨੂੰ 28396 ਤੇ ਕਾਂਗਰਸ ਦੇ ਚਰਨਜੀਤ ਸਿੰਘ ਨੂੰ 27675 ਵੋਟਾਂ ਮਿਲੀਆਂ ਹਨ।

ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਅੰਮ੍ਰਿਤਸਰ ਪੂਰਬੀ ਤੋਂ ਤੀਜੇ ਸਥਾਨ @ਤੇ ਹਨ। ਹੁਣ ਤਕ ਆਮ ਆਦਮੀ ਪਾਰਟੀ ਦੀ ਜੀਵਨ ਜੋਤ ਨੂੰ 9026, ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੂੰ 6832 ਅਤੇ ਕਾਂਗਰਸ ਦੇ ਨਵਜੋਤ ਸਿੰਘ ਸਿੱਧੂ ਨੂੰ 7521 ਵੋਟਾਂ ਮਿਲੀਆਂ ਹਨ।

ਭਾਜਪਾ ਨੇ ਖਾਤਾ ਖੋਲ੍ਹਿਆ, ਪਠਾਨਕੋਟ ਤੋਂ ਪਾਰਟੀ ਦੇ ਪ੍ਰਧਾਨ ਅਸ਼ਵਨੀ ਸਰਮਾ ਜਿੱਤੇ।

ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਵਿੱਚ ਪੰਜਵੇਂ ਗੇੜ ਵਿੱਚ 'ਆਪ' ਦੇ ਹਰਭਜਨ ਸਿੰਘ 17459, ਕਾਂਗਰਸ ਦੇ ਸੁਖਵਿੰਦਰ ਸਿੰਘ ਡੈਨੀ 10772, ਅਕਾਲੀ ਦਲ ਦੇ ਸਤਿੰਦਰਜੀਤ ਸਿੰਘ ਛੱਜਲਵੱਡੀ ਨੂੰ 8963 ਵੋਟਾਂ ਮਿਲੀਆਂ। ਹਲਕਾ ਰਾਜਾਸਾਂਸੀ ਵਿੱਚ ਚੌਥੇ ਗੇੜ ਵਿੱਚ ਭਾਜਪਾ- ਮੁਖਵਿੰਦਰ ਸਿੰਘ-502, ਕਾਂਗਰਸ- ਸੁਖਵਿੰਦਰ ਸਿੰਘ ਸਰਕਾਰੀਆ-8511, ਅਕਾਲੀ ਵੀਰ ਸਿੰਘ ਲੋਪੋਕੇ-6798।

# ਜਲਾਲਾਬਾਦ ਤੋਂ ਜਗਦੀਪ ਕੰਬੋਜ, ਫਾਜਿਲਕਾ ਤੋਂ ਨਰਿੰਦਰ ਪਾਲ ਸਿੰਘ ਸਵਨਾ, ਅਬੋਹਰ ਤੋਂ ਸੰਦੀਪ ਜਾਖੜ ਅਤੇ ਬੱਲੂਆਣਾ ਤੋਂ ਅਮਨਦੀਪ ਸਿੰਘ ਮੁਸਾਫਿਰ ਜ਼ੇਤੂ



**ਫਾਜਿਲਕਾ/ਗੌਰਵ ਸ਼ਰਮਾ**

ਵਿਧਾਨ ਸਭਾ ਚੋਣਾਂ ਲਈ ਪਈਆਂ ਵੋਟਾਂ ਦੀ ਗਿਣਤੀ ਦਾ ਕੰਮ ਫਾਜਿ?ਲਕਾ ਜਿ?ਲ੍ਹੇ ਵਿਚ ਵੀਰਵਾਰ ਨੂੰ ਅਮਨ ਅਮਾਨ ਨਾਲ ਨੇਪਰੇ ਚੜ੍ਹ ਗਿਆ। ਜਲਾਲਾਬਾਦ ਤੋਂ ਜਗਦੀਪ ਕੰਬੋਜ, ਫਾਜਿ?ਲਕਾ ਤੋਂ ਨਰਿੰਦਰ ਪਾਲ ਸਿੰਘ ਸਵਨਾ, ਅਬੋਹਰ ਤੋਂ ਸੰਦੀਪ ਜਾਖੜ ਅਤੇ ਬੱਲੂਆਣਾ ਤੋਂ ਅਮਨਦੀਪ ਸਿੰਘ ਮੁਸਾਫਿਰ ਜ਼ੇਤੂ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿ?ਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਫਾਜਿ?ਲਕਾ ਸ੍ਰੀਮਤੀ ਬਬੀਤਾ ਕਲੇਰ ਆਈਏਐਸ ਨੇ ਸਮੂਚੇ ਚੋਣ ਅਮਲ ਨੂੰ ਸਾਂਤੀ ਪੂਰਵਕ, ਨਿਰਪੱਖ ਤਰੀਕੇ ਨਾਲ ਮੁਕੰਮਲ ਕਰਨ ਲਈ ਚੋਣ ਪ੍ਰਕ੍ਰਿਆ ਵਿਚ ਜੁੜੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਲੋਕਤੰਤਰ ਦੇ ਇਸ ਕੁੰਭ ਵਿਚ ਯੋਗਦਾਨ ਲਈ ਉਨ੍ਹਾਂ ਨੂੰ ਵਧਾਈ ਵੀ ਦਿੱਤੀ।

ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਦੀਪ ਕੰਬੋਜ਼ 91455 ਵੋਟਾ ਲੈ ਕੇ ਜੇਤੂ ਰਹੇ।ਇਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੁਖਬੀਰ ਸਿੰਘ ਬਾਦਲ ਨੂੰ 60525, ਭਾਰਤੀ ਜਨਤਾ ਪਾਰਟੀ ਦੇ ਪੂਰਨ ਚੰਦ ਨੂੰ 5418, ਕਾਂਗਰਸ ਦੇ ਮੋਹਨ ਸਿੰਘ ਨੂੰ 8771, ਸਮਾਜਵਾਦੀ ਪਾਰਟੀ ਦੇ ਕਰਮਜੀਤ ਸਿੰਘ ਨੂੰ 240, ਇੰਡੀਆ ਪ੍ਰਜਾਬੰਧੂ ਪਾਰਟੀ ਤੋਂ ਕੁਲਦੀਪ ਸਿੰਘ ਨੂੰ 313, ਜੈ ਜਵਾਨ ਜੈ ਕਿਸਾਨ ਪਾਰਟੀ ਦੇ ਗੁਰਚਰਨ ਸਿੰਘ ਨੂੰ 264, ਸ਼੍ਰੋਮਣੀ ਅਕਾਲੀ ਦਲ (ਅਮ੍ਰਿੰਤਸਰ) ਦੇ ਉਮੀਦਵਾਰ ਗੁਰਮੀਤ ਸਿੰਘ ਨੂੰ 1248, ਰਿਪਬਲਿਕਨ ਪਾਰਟੀ ਆਫ ਇੰਡੀਆ (ਏ) ਦੇ ਰਣਜੀਤ ਰਾਮ ਨੂੰ 101 ਵੋਟਾ ਮਿਲਿਆਂ ਹਨ।ਇਸ ਹਲਕੇ ਤੋਂ ਆਜਾਦ ਉਮੀਦਵਾਰ ਵਿਚੋਂ ਅੰਗਰੇਜ਼ ਸਿੰਘ ਨੂੰ 205, ਸੁਰਿੰਦਰ ਸਿੰਘ ਨੂੰ 1860, ਹਰੀਸ਼ ਚੰਦਰ ਨੂੰ 132, ਗੁਰਪ੍ਰੀਤ ਸਿੰਘ ਨੂੰ 540, ਬਲਜੀਤ ਸਿੰਘ ਨੂੰ 269, ਮਨਪ੍ਰੀਤ ਸਿੰਘ ਨੂੰ 546 ਵੋਟਾ ਮਿਲੀਆਂ ਹਨ ਅਤੇ 830 ਲੋਕਾਂ ਨੇ ਨੋਟਾ ਦਾ ਬਟਨ ਦਬਾਇਆ ਹੈ।

ਵਿਧਾਨ ਸਭਾ ਹਲਕਾ ਫਾਜਿ?ਲਕਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਰਿੰਦਰ ਪਾਲ ਸਿੰਘ ਸਵਨਾ 63157 ਵੋਟਾ ਲੈ ਕੇ ਜੇਤੂ ਰਹੇ ਹਨ। ਇਸ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੁਰਜੀਤ ਕੁਮਾਰ ਜਿਆਣੀ ਨੂੰ 35437, ਸ਼੍ਰੋਮਣੀ ਅਕਾਲੀ ਦਲ ਦੇ ਹੰਸ ਰਾਜ ਜ਼ੋਸਨ ਨੂੰ 13717, ਕਾਂਗਰਸ ਦੇ ਦਵਿੰਦਰ ਸਿੰਘ ਘੁਬਾਇਆ ਨੂੰ 29096, ਰਿਪਬਲਿਕਨ ਪਾਰਟੀ ਆਫ ਇੰਡੀਆ (ਏ) ਦੇ ਸੰਦੀਪ ਕੁਮਾਰ ਨੂੰ 307, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਹਰਕਿਰਨ ਜੀਤ ਸਿੰਘ ਨੂੰ 588 ਵੋਟਾ ਮਿਲੀਆਂ ਹਨ। ਇਸ ਹਲਕੇ ਤੋਂ ਆਜਾਦ ਉਮੀਦਵਾਰ ਵਿਚੋਂ ਸੋਨੀਆ ਨੂੰ 90, ਹਰਨੇਕ ਸਿੰਘ ਨੂੰ 83, ਕਸ਼ਮੀਰ ਸਿੰਘ ਨੂੰ 133, ਗੁਰਜਿੰਦਰ ਸਿੰਘ ਨੂੰ 128, ਨਗਿੰਦਰ ਸਿੰਘ ਨੂੰ 648, ਨਰਿੰਦਰ ਸਿੰਘ ਨੂੰ 321, ਰੇਸ਼ਮ ਲਾਲ ਨੂੰ 490, ਵੀਰੂ ਸਿੰਘ ਨੂੰ 230 ਵੋਟਾ ਮਿਲੀਆਂ ਹਨ ਜਦਕਿ 799 ਲੋਕਾਂ ਨੇ ਨੋਟਾ ਦੇ ਬਟਨ ਨੂੰ ਦਬਾਇਆ ਹੈ।

ਵਿਧਾਨ ਸਭਾ ਹਲਕਾ ਅਬੋਹਰ ਤੋਂ ਕਾਂਗਰਸ ਪਾਰਟੀ ਦੇ ਜ਼ੇਤੂ ਉਮੀਦਵਾਰ ਸੰਦੀਪ ਜਾਖੜ ਨੂੰ 49924 ਵੋਟਾਂ ਮਿਲੀਆਂ ਜਦ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਰੁਣ ਨਾਰੰਗ ਨੂੰ 21534 ਵੋਟਾਂ, ਆਮ ਆਦਮੀ ਪਾਰਟੀ ਦੇ ਕੁਲਦੀਪ ਕੁਮਾਰ ਦੀਪ ਕੰਬੋਜ਼ ਨੂੰ 44453 ਵੋਟਾਂ, ਸ਼੍ਰੋਮਣੀ ਅਕਾਲੀ ਦਲ ਦੇ ਮਹਿੰਦਰ ਕੁਮਾਰ ਰਿਣਵਾਂ ਨੂੰ 14345 ਵੋਟਾਂ, ਰਿਪਬਲਿਕਨ ਪਾਰਟੀ ਆਫ ਇੰਡੀਆ (ਏ) ਦੇ ਬਲਵੀਰ ਰਾਮ ਨੂੰ 214 ਵੋਟਾਂ, ਆਜਾਦ ਉਮੀਦਵਾਰਾਂ ਵਿਚੋਂ ਹੰਸ ਰਾਜ ਨੂੰ 209, ਚਰਨਜੀਤ ਨੂੰ 427, ਬਲਜਿੰਦਰ ਸਿੰਘ ਨੂੰ 899, ਰਣਜੀਤ ਕੁਮਾਰ ਨੂੰ 371 ਵੋਟਾਂ ਪਈਆਂ ਜਦ ਕਿ 726 ਵੋਟਰਾਂ ਨੇ ਨੋਟਾ ਦਾ ਬਟਨ ਦਬਾਇਆ।

ਵਿਧਾਨ ਸਭਾ ਹਲਕਾ ਬੱਲੂਆਣਾ ਤੋਂ ਆਮ ਆਦਮੀ ਪਾਰਟੀ ਦੇ ਅਮਨਦੀਪ ਸਿੰਘ ਮੁਸਾਫਿਰ 58893 ਵੋਟਾਂ ਲੈ ਕੇ ਜ਼ੇਤੂ ਰਹੇ ਹਨ ਜਦ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਿਥੀ ਰਾਮ ਮੇਘ ਨੂੰ 17816, ਕਾਂਗਰਸ ਦੀ ਰਾਜਿੰਦਰ ਕੌਰ ਰਾਜਪੁਰਾ ਨੂੰ 22747, ਭਾਰਤੀ ਜਨਤਾ ਪਾਰਟੀ ਦੀ ਵੰਦਨਾ ਸਾਂਗਵਾਨ ਨੂੰ 39720 ਵੋਟਾਂ ਅਤੇ ਅਜਾਦ ਉਮੀਦਵਾਰਾਂ ਸੁਰਿੰਦਰ ਸਿੰਘ ਖਾਲਸਾ ਨੂੰ 1988, ਸੁਰਿੰਦਰ ਮੇਘ ਨੂੰ 317, ਮਨਜੀਤ ਕੌਰ ਨੂੰ 393, ਮਨਦੀਪ ਸਿੰਘ ਨੂੰ 334, ਰਾਮ ਕੁਮਾਰ ਮੇਘ ਨੂੰ 520 ਵੋਟਾਂ ਮਿਲੀਆਂ ਅਤੇ 1236 ਨੇ ਨੋਟਾ ਦਾ ਬਟਨ ਦਬਾਇਆ।

# ਜ਼ਿਲ੍ਹੇ ਵਿੱਚ ਵੋਟਾਂ ਦੀ ਗਿਣਤੀ ਦਾ ਕੰਮ ਨਿਰਵਿਘਨ ਤੇ ਸ਼ਾਂਤੀਪੂਰਵਕ ਸੰਪੂਰਣ



**ਨਵਾਂਸ਼ਹਿਰ/ਰਮੇਸ਼ ਸ਼ਰਮਾ/ ਰਾਜ ਕੁਮਾਰ**

ਜ਼ਿਲ੍ਹੇ ਦੇ ਤਿੰਨਾਂ ਵਿਧਾਨ ਹਲਕਿਆਂ ਬੰਗਾ-046, ਨਵਾਂਸ਼ਹਿਰ-047 ਅਤੇ ਬਲਾਚੌਰ-048 ਵਿੱਚ ਅੱਜ ਵੋਟਾਂ ਦੀ ਗਿਣਤੀ ਦਾ ਕੰਮ ਨਿਰਵਿਘਨ ਤੇ ਸ਼ਾਂਤੀਪੂਰਵਕ ਮੁਕੰਮਲ ਕਰ ਲਿਆ ਗਿਆ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਿਸ਼ੇਸ਼ ਸਾਰੰਗਲ ਅਨੁਸਾਰ ਬੰਗਾ ਤੋਂ ਡਾ. ਸੁਖਵਿੰਦਰ ਕੁਮਾਰ ਸੁੱਖੀ, ਨਵਾਂਸ਼ਹਿਰ ਤੋਂ ਡਾ. ਨਛੱਤਰ ਪਾਲ ਤੇ ਬਲਾਚੌਰ ਤੋਂ ਸੰਤੋਸ਼ ਕੁਮਾਰੀ ਕਟਾਰੀਆ ਜੇਤੂ ਐਲਾਨੇ ਗਏ। ਉਨ੍ਹਾਂ ਨੇ ਸਮੁੱਚੀ ਚੋਣ ਪ੍ਰਕਿਰਿਆ ਨੂੰ ਨਿਰਵਿਘਨ ਨੇਪਰੇ ਚੜ੍ਹਾਉਣ ਵਿੱਚ ਸਿਆਸੀ ਪਾਰਟੀਆਂ ਤੇ ਨੁਮਾਇੰਦਿਆਂ ਵੱਲੋਂ ਦਿੱਤੇ ਸਹਿਯੋਗ ਲਈ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ। ਜੇਤੂ ਉਮੀਦਵਾਰਾਂ ਬਾਰੇ ਜਾਣਕਾਰੀ ਦਿੰਦਿਆਂ ਐਸ ਡੀ ਐਮ-ਕਮ- ਰਿਟਰਨਿੰਗ ਅਫ਼ਸਰ ਬੰਗਾ-046 ਨਵਨੀਤ ਕੌਰ ਬੱਲ ਨੇ ਦੱਸਿਆ ਕਿ ਬੰਗਾ ਤੋਂ ਸ੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ 37338 ਵੋਟਾਂ ਲੈ ਕੇ ਜੇਤੂ ਰਹੇ। ਹੋਰਨਾਂ ਉਮੀਦਵਾਰਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਜੀਤ ਸਿੰਘ ਸਰਹਾਲ ਨੂੰ 32020, ਇੰਡੀਅਨ ਨੈਸ਼ਨਲ ਕਾਂਗਰਸ ਦੇ ਤਰਲੋਚਨ ਸਿੰਘ ਨੂੰ 32269, ਹੋਰਨਾਂ ਉਮੀਦਵਾਰਾਂ 'ਚ ਕਮਿਊਨਿਸਟ ਪਾਰਟੀ ਦੇ ਪੋਲ ਰਾਮ ਨੂੰ 631, ਭਾਰਤੀ ਜਨਤਾ ਪਾਰਟੀ ਦੇ ਮੋਹਨ ਲਾਲ ਬਹਿਰਾਮ ਨੂੰ 3974, ਅਜ਼ਾਦ ਸਮਾਜ ਪਾਰਟੀ ਦੇ (ਕਾਂਸ਼ੀ ਰਾਮ) ਕ੍ਰਿਸ਼ਨ ਲਾਲ ਨੂੰ 584, ਸ੍ਰੋਮਣੀ ਅਕਾਲੀ ਦਲ (ਅਮ੍ਰਿਤਸਰ) ਦੇ ਮੱਖਣ ਸਿੰਘ ਤਾਹਿਰਪੁਰੀ (ਸਵਰਗੀ) ਨੂੰ 1097, ਆਜ਼ਾਦ ਉਮੀਦਵਾਰਾਂ ਮਨਜੀਤ ਸਿੰਘ ਭੰਗਲ ਨੂੰ 544 ਅਤੇ ਰਾਜ ਕੁਮਾਰ ਮਾਹਲ ਖੁਰਦ ਨੂੰ 5840 ਵੋਟਾਂ ਪਈਆਂ ਜਦਕਿ 1004 ਮਤਦਾਤਾਵਾਂ ਨੇ ਨੋਟਾ ਦਾ ਬਟਨ ਦਬਾਇਆ। ਨਵਾਂਸ਼ਹਿਰ-047 ਦੇ ਐਸ ਡੀ ਐਮ-ਕਮ-ਰਿਟਰਨਿੰਗ ਅਫ਼ਸਰ ਡਾ. ਬਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਨਵਾਂਸ਼ਹਿਰ ਹਲਕੇ ਤੋਂ ਬਹੁਜਨ ਸਮਾਜ ਪਾਰਟੀ ਦੇ ਨਛੱਤਰ ਪਾਲ 37031 ਵੋਟਾਂ ਲੈ ਕੇ ਜੇਤੂ ਰਹੇ। ਹੋਰਨਾਂ ਉਮੀਦਵਾਰਾਂ ਵਿੱਚ ਆਮ ਆਦਮੀ ਪਾਰਟੀ ਦੇ ਲਲਿਤ ਮੋਹਨ ਬੱਲੂ ਨੂੰ 31655 ਵੋਟਾਂ ਪਈਆਂ ਜਦਕਿ ਆਜ਼ਾਦ ਉਮੀਦਵਾਰ ਅੰਗਦ ਸਿੰਘ ਨੂੰ 31516 ਵੋਟਾਂ ਮਿਲੀਆਂ।

## ਆਮ ਆਦਮੀ ਦੀ ਮਹਿਲਾ ਵਿੰਗ ਦਿੱਲੀ ਦੇ ਪ੍ਰਧਾਨ ਸਰਵਨ ਸਿੰਘ ਧੁੰਨ ਦੀ ਜਿੱਤ ਵਿੱਚ ਹੋਏ ਸ਼ਾਮਲ

**ਭਿੱਖੀਵਿੰਡ/ਖਾਲੜਾ/ਲੋਕ ਬਾਣੀ**

ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੇ ਵੱਡੀ ਸਫ਼ਲਤਾ ਹਾਸਲ ਕਰਕੇ ਇਕ ਨਵਾਂ ਇਤਿਹਾਸ ਸਿਰਜਿਆ ਹੈ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦਿੱਲੀ ਤੋਂ ਵਿਸ਼ੇਸ਼ ਤੌਰ ਤੇ ਵਿਧਾਨ ਸਭਾ ਹਲਕਾ ਖੇਮਕਰਨ ਤੋਂ ਸਰਵਨ ਸਿੰਘ ਧੁੰਨ ਦੀ ਜਿੱਤ ਦੀ ਖੁਸ਼ੀ ਵਿੱਚ ਸ਼ਾਮਲ ਹੋਣ ਲਈ ਪਹੁੰਚੀ ਮਹਿਲਾ ਵਿੰਗ ਦਿੱਲੀ ਦੇ ਪ੍ਰਧਾਨ ਭੈਣ ਸੁਮਨਦੀਪ ਕੌਰ ਨੇ ਕੀਤਾ। ਜ਼ਿਕਰਯੋਗ ਹੈ ਕਿ ਭੈਣ ਸੁਮਨਦੀਪ ਕੌਰ ਨੇ ਸਰਵਨ ਸਿੰਘ ਧੁੰਨ ਦੀ ਚੋਣ ਮੁਹਿੰਮ ਦੌਰਾਨ ਲਗਾਤਾਰ ਖੇਮਕਰਨ ਹਲਕੇ ਵਿਚ ਆਮ ਆਦਮੀ ਪਾਰਟੀ ਲਈ ਪ੍ਰਚਾਰ ਕੀਤਾ ਸੀ ਅਤੇ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਵਿੱਚ ਦਿੱਤੀਆਂ ਜਾਂਦੀਆਂ ਸਹੂਲਤਾਂ ਨੂੰ ਲੋਕਾਂ ਤੱਕ ਪਹੁੰਚਾਇਆ । ਜਿਨ੍ਹਾਂ ਦੇ ਪ੍ਰਚਾਰ ਸਦਕਾ ਹਲਕਾ ਖੇਮਕਰਨ ਦੀਆ ਔਰਤਾਂ ਪਾਰਟੀ ਦੇ ਕੰਮਾਂ ਤੋਂ ਕਾਫੀ ਪ੍ਰਭਾਵਤ ਹੋਈਆਂ ਸਨ । ਇਸ ਮੌਕੇ ਭੈਣ ਸੁਮਨਦੀਪ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਦਿੱਲੀ ਵਿਚ ਆਮ ਆਦਮੀ ਪਾਰਟੀ ਨੇ ਭਾਰੀ ਬਹੁਮੱਤ ਨਾਲ ਸਰਕਾਰ ਬਣਾਈ ਸੀ। ਓਹੀ ਇਤਿਹਾਸ ਪੰਜਾਬ ਦੇ ਲੋਕਾਂ ਨੇ ਸਿਰਜ ਕੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਸਾਫ ਸੁਥਰੀ ਸਰਕਾਰ ਚਾਹੁੰਦੇ ਹਨ । ਉਨ੍ਹਾਂ ਇਸ ਮੌਕੇ ਸਰਵਨ ਸਿੰਘ ਧੁੰਨ ਦੀ ਜਿੱਤ ਤੇ ਭੰਗੜਾ, ਗਿੱਧਾ ਅਤੇ ਬੋਲੀਆਂ ਪਾ ਕੇ ਇਸ ਖੁਸ਼ੀ ਭਰੇ ਮਾਹੌਲ ਵਿੱਚ ਸ਼ਮੂਲੀਅਤ ਕੀਤੀ । ਉਹਨਾਂ ਜਿਥੇ ਸਰਵਨ ਸਿੰਘ ਧੁੰਨ ਅਤੇ ਉਹਨਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ ਉਥੇ ਆਮ ਆਦਮੀ ਪਾਰਟੀ ਦਿੱਲੀ ਦੇ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਅਤੇ ਮੈਡਮ ਆਤਿਸ਼ੀ ਸਿੰਘ ਨੂੰ ਵੀ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ ਜਿਨਾ ਦੀ ਪ੍ਰੇਰਨਾ ਸਦਕਾ ਉਹਨਾਂ ਪੰਜਾਬ ਵਿੱਚ ਪਾਰਟੀ ਲਈ ਪਰਚਾਰ ਕੀਤਾ ਹੈ ।

# ਡੀ ਐਲ ਡਬਲਿਯੂ ਹਸਪਤਾਲ ਵਿਖੇ ਮਹਿਲਾ ਦਿਵਸ ਮੌਕੇ 83 ਸਟਾਫ ਮੈਂਬਰਾਂ ਨੇ ਖ਼ੂਨ ਦਾਨ ਕੀਤਾ




**ਪਟਿਆਲਾ/ਜਗਦੀਸ਼**

ਇੱਕ ਸਿਹਤਮੰਦ ਤੰਦਰੁਸਤ ਖੁਸ਼ਹਾਲ ਇਨਸਾਨ ਵਲੋਂ ਦਾਨ ਕੀਤੇ ਖ਼ੂਨ ਦੇ ਇੱਕ ਯੂਨਿਟ ਨਾਲ ਹਸਪਤਾਲਾਂ ਵਿਖੇ 4 ਜ਼ਰੂਰਤਮੰਦ ਮਰੀਜਾਂ ਅਤੇ ਜਖਮੀਆਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਅਤੇ ਖ਼ੂਨ ਦਾਨੀਆਂ ਦੇ ਸਰੀਰ ਵਿੱਚ ਦਾਨ ਕੀਤੇ ਖ਼ੂਨ ਦੇ ਸਾਰੇ ਤੱਤ 3 ਮਹੀਨਿਆਂ ਵਿੱਚ ਆਮ ਖ਼ੁਰਾਕ ਨਾਲ ਆਪਣੇ ਆਪ ਪੂਰੇ ਹੋ ਜਾਂਦੇ ਹਨ ਇਸ ਲਈ ਹਰੇਕ ਸਿਹਤਮੰਦ ਤੰਦਰੁਸਤ ਇਨਸਾਨ ਨੂੰ ਖ਼ੂਨ ਦਾਨ ਜਰੂਰ ਕਰਨਾ ਚਾਹੀਦਾ ਹੈ ਇਹ ਵਿਚਾਰ ਪ੍ਰਿੰਸੀਪਲ ਚੀਫ ਪ੍ਰਬੰਧਕ ਅਫਸਰ ਸ੍ਰੀ ਐਸ ਕੇ ਦੂਬੇ ਜੀ ਨੇ ਰੇਲਵੇ ਹਸਪਤਾਲ ਵਲੋਂ ਅੰਤਰ ਰਾਸ਼ਟਰੀ ਮਹਿਲਾ ਦਿਵਸ ਮੌਕੇ ਲਗਾਏ ਖ਼ੂਨ ਦਾਨ ਕੈਂਪ ਵਿਖੇ ਆਪਣੇ ਖ਼ੂਨ ਦਾਨ ਕਰਨ ਵਾਲੇ ਸੀ ਐਮ ਓ ਡਾ ਭਰਤ ਲਾਲ, ਡਾਕਟਰ ਬਲਦੇਵ ਸਿੰਘ, ਡਾ ਅਜੈ ਮਾਣਕਪੁਰੀ, ਡਾ ਰੀਨਾ ਡਾ ਗੌਰਵ ਸ੍ਰੀ ਅਨਿਲ ਕੁਮਾਰ ਚੀਫ ਫਰਮਾਸਿਸਟ ਕਮ ਡਵੀਜਨਲ ਕਮਾਂਡਰ ਰੈਡ ਕਰਾਸ ਸੈਂਟ ਜੋਹਨ ਐਂਬੂਲੈਂਸ ਰੇਲਵੇ ਬ੍ਰਿਗੇਡ, ਅਤੇ 83 ਸਟਾਫ ਮੈਂਬਰਾਂ ਨੂੰ ਆਪਣਾ ਖ਼ੂਨ ਦਾਨ ਕਰਨ ਤੇ ਵਧਾਈਆਂ ਦਿੰਦੇ ਹੋਏ ਵਾਰ ਵਾਰ ਧੰਨਵਾਦ ਕੀਤਾ। ਮਿਸਜ ਦੂਬੇ ਨੇ ਖ਼ੂਨ ਦਾਨ ਕੈਂਪ ਅਤੇ ਹਸਪਤਾਲ ਵਿਖੇ ਸਮੇਂ ਸਮੇਂ ਕਰਵਾਏ ਜਾ ਰਹੇ ਜਾਗਰਿਤੀ ਸਿਹਤ ਸੰਭਾਲ ਨਸ਼ਿਆ ਸੁਰੱਖਿਆਂ ਦੇ ਕਾਰਜਾ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਪਟਿਆਲਾ ਰੇਲਵੇ ਪੀ ਐਲ ਡਬਲਿਯੂ ਵਲੋਂ ਸਾਲ ਵਿੱਚ ਦੋ ਤਿੰਨ ਵਾਰ ਖ਼ੂਨ ਦਾਨ ਕੈਂਪ ਲਗਾਕੇ ਰਾਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਨੂੰ ਖ਼ੂਨ ਦਿੱਤਾ ਜਾਂਦਾ ਹੈ ਤਾਂ ਜੋ ਕੋਈ ਵੀ ਪੀੜਤ ਜਾ ਰਿਸ਼ਤੇਦਾਰ ਖ਼ੂਨ ਦੀ ਕਮੀ ਕਰਕੇ ਤੰਗ ਪ੍ਰੇਸ਼ਾਨ ਨਾ ਹੋਵੇ। ਡਾਕਟਰ ਭਰਤ ਲਾਲ ਚੀਫ ਮੈਡੀਕਲ ਅਫਸਰ ਅਤੇ ਡਾ ਬਲਦੇਵ ਸਿੰਘ ਨੇ ਦੱਸਿਆ ਕਿ ਸ੍ਰੀ ਅਨਿਲ ਕੁਮਾਰ ਵਲੋਂ ਆਪਣੀ ਪੱਧਰ ਤੇ ਯਤਨ ਕਰਕੇ ਖ਼ੂਨ ਦਾਨ ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਆਫਤ ਪ੍ਰਬੰਧਨ ਅਤੇ ਸਿਹਤ ਨਾਲ ਸਬੰਧਤ ਸਾਰੇ ਦਿਵਸ ਮਨਾਉਣ ਹਿਤ ਉਪਰਾਲੇ ਕੀਤੇ ਜਾਂਦੇ ਹਨ ਅਤੇ ਇਸ ਵਾਰ ਅਨਿਲ ਨੇ 48ਵੀ ਵਾਰ ਆਪਣਾ ਖ਼ੂਨ ਆਪਣੀ ਸਵਰਗਵਾਸੀ ਮਾਤਾ ਜੀ ਨੂੰ ਸਮਰਪਿਤ ਕਰਕੇ ਦਾਨ ਕੀਤਾ। ਇਸ ਤੋਂ ਇਲਾਵਾ ਸ੍ਰੀ ਸਤੀਸ਼ ਕੁਮਾਰ ਅਰੌੜਾ ਨੇ 31ਵੀ ਵਾਰ ਅਤੇ ਸਰਪੰਚ ਸ੍ਰੀ ਕੁਲਵਿੰਦਰ ਸਿੰਘ ਜੀ ਨੇ 13ਵੀ ਵਾਰ ਖ਼ੂਨ ਦਾਨ ਕੀਤਾ। ਇਸ ਮੌਕੇ ਹਸਪਤਾਲ ਦੇ ਲੇਡੀ ਅਤੇ ਦੂਸਰੇ ਸਟਾਫ ਮੈਂਬਰਾਂ ਨੂੰ ਸ੍ਰੀ ਦੂਬੇ ਜੀ ਉਨਾਂ ਦੀ ਧਰਮਪਤਨੀ ਸ੍ਰੀਮਤੀ ਦੂਬੇ ਅਤੇ ਦੂਸਰੇ ਅਧਿਕਾਰੀਆਂ ਦੀਆਂ ਪਤਨੀਆਂ ਨੇ ਸਨਮਾਨਿਤ ਕੀਤਾ ਕਿਉਂਕਿ ਰੇਲਵੇ ਹਸਪਤਾਲ ਵਿਖੇ ਸਾਰੇ ਡਾਕਟਰ ਅਤੇ ਸਟਾਫ ਮੈਂਬਰ ਆਪਣੀ ਡਿਊਟੀਆਂ ਪੂਰੇ ਆਤਮਵਿਸਵਾਸ ਲਗਣ ਇਮਾਨਦਾਰੀ ਵਫਾਦਾਰੀ ਅਤੇ ਮਰੀਜਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਤਸੱਲੀ ਖੁਸ਼ੀਆਂ ਅਤੇ ਜਲਦੀ ਤੋਂ ਜਲਦੀ ਠੀਕ ਕਰਨ ਹਿਤ ਕਰਦੇ ਹਨ। ਸ੍ਰੀ ਅਨਿਲ ਕੁਮਾਰ ਨੇ ਦੱਸਿਆ ਕਿ 1985 ਤੋਂ ਉਹ ਕਾਲਜ ਪੱਧਰ ਤੋਂ ਖ਼ੂਨ ਦਾਨ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਵਲੋਂ ਕਰਮਚਾਰੀਆਂ ਵਿਦਿਆਰਥੀਆਂ ਐਨ ਐਸ ਐਸ ਵਲੰਟੀਅਰਾਂ ਨੂੰ ਸਿਹਤ ਸੰਭਾਲ ਨਸ਼ਿਆ ਫਸਟ ਏਡ ਸੀ ਪੀ ਆਰ ਬਣਾਉਟੀ ਸਾਹ ਕਿਰਿਆ ਆਦਿ ਬਾਰੇ ਟ੍ਰੇਨਿੰਗ ਵੀ ਦਿੱਤੀ ਜਾਂਦੀ ਹੈ।

# ਪ੍ਰੇਮ ਮਰਯਾਦਾਵਾਂ ਅਪਣਾਈਆਂ ਤਾਂ ਰਾਮ ਬਣੇ - ਮਰਯਾਦਾਵਾਂ ਤੋੜੀਆਂ ਤਾਂ ਰਾਵਣ

**ਪਟਿਆਲਾ/ਜਗਦੀਸ਼**

ਭਾਰਤ ਰਤਨ ਡਾ: ਏ .ਪੀ. ਜੇ .ਅਬਦੁੱਲ ਕਲਾਮ ਸਾਹਿਬ ਨੂੰ ਕਿਸੇ ਨੇ ਪੁੱਛਿਆ, ਕਿ ਲੰਕਾ ਦੇ ਰਾਜੇ ਰਾਵਣ ਕੋਲ ਮਹਾਨ ਸ਼ਕਤੀਆਂ, ਹਥਿਆਰ ,ਮਹਾਨ ਸ਼ਕਤੀਸ਼ਾਲੀ ਯੋਧੇ ,ਰਾਕਸ਼ ਆਪਣੀ ਭੂਮੀ, ਅਪਣੇ ਮਹਾਨ ਵੈਦ -ਹਕੀਮ ਅਤੇ ਆਪਣੇ ਹੀ ਭਰੋਸੇਯੋਗ ਲੋਕ ਰਿਸ਼ਤੇਦਾਰ ਸਨ ਜਦਕਿ ਸ੍ਰੀ ਰਾਮ ਚੰਦਰ ਜੀ ਕੋਲ ਛੋਟੇ- ਛੋਟੇ ਬਾਂਦਰ, ਬਾਂਦਰਾਂ ਕੋਲ ਹਥਿਆਰਾਂ ਦੇ ਨਾਮ ਤੇ ਛੋਟੇ -ਵੱਡੇ ਪੱਥਰ ,ਦਰਖਤਾਂ ਦੀਆਂ ਟਾਹਣੀਆਂ ਹੀ ਸਨ ਕੋਈ ਵੈਦ ਹਕੀਮ ਨਹੀਂ ਸੀ , ਸ੍ਰੀ ਰਾਮ ਚੰਦਰ ਜੀ ਅਤੇ ਉਹਨਾਂ ਦੀ ਸੈਨਾ ਲਈ ਆਰਾਮ ਕਰਨ ਵਾਸਤੇ ਮਹੱਲ ਘਰ ਨਹੀਂ ਸਗੋਂ ਰੇਤਲੀ ਤਪਦੀ ਜਮੀਨ, ਖਾਣ ਲਈ ਦਰਖਤਾਂ ਦੇ ਪੱਤੇ ਫਲ ਆਦਿ ਪੀਣ ਲਈ ਸਮੁੰਦਰ ਦਾ ਖਾਰਾ ਪਾਣੀ, ਲਛਮਣ ਤੋਂ ਬਿਨਾਂ ਸਾਰੇ ਯੋਧਾ ਬੈਗਾਨੇ ਸਨ ਪਰ ਫੇਰ ਵੀ ਰਾਵਣ ਹਾਰ ਗਏ ਅਤੇ ਸ੍ਰੀ ਰਾਮ ਜੀ ਜਿੱਤ ਗਏ। ਕਲਾਮ ਸਾਹਿਬ ਜੀ ਨੇ ਨਿਮਰਤਾ ਨਾਲ ਜਵਾਬ ਦਿੱਤਾ ਕਿ ਇਨਸਾਨ ਦੇ ਚੰਗੇ ਮਾੜੇ ਕਰਮਾਂ ਦੇ ਫਲ ਭਗਵਾਨ ਦਿੰਦੇ , ਜਿਸਨੇ ਜਿੰਦਗੀ ਵਿੱਚ ਪ੍ਰੇਮ ਹਮਦਰਦੀ ਨਿਮਰਤਾ ਸਹਿਣਸ਼ੀਲਤਾ ਦੀਆਂ ਮਰਿਯਾਦਾਵਾਂ ਅਪਣਾਈਆਂ ਅਤੇ ਸੱਭ ਦੇ ਦਿਲ ਦਿਮਾਗ ਵਿਚਾਰਾਂ ਜ਼ੁਬਾਨ ਆਤਮਾ ਤੋਂ ਦੁਆਵਾਂ, ਅਸ਼ੀਰਵਾਦ , ਹਮਦਰਦੀ, ਵਿਸਵਾਸ਼, ਸਹਿਯੋਗ ਪਾਇਆ, ਸੱਭ ਦਾ ਸਨਮਾਨ ਇੱਜਤ ਕੀਤੀ, ਸੰਕਟ ਜਰੂਰਤ ਸਮੇਂ ਸੱਭ ਦੀ ਮਦਦ ਕੀਤੀ, ਉਸਨੂੰ ਕੁਦਰਤ ਦੀਆਂ ਅਦਿੱਖ ਸ਼ਕਤੀਆਂ ਸੁਰੱਖਿਆ ਸਕਤੀਆਂ ਤਾਕਤ ਗਿਆਨ ਖੁਸ਼ਹਾਲੀ ਖੁਸ਼ੀਆ ਦੇ ਕਵਰ ਮਿਲਦੇ ਹੀ ਹਨ ਅਤੇ ਜਿਸ ਨੇ ਮਰਯਾਦਾਵਾਂ ਤੋੜੀਆਂ, ਆਪਣੀਆਂ ਸਕਤੀਆਂ ਦੀ ਦੁਰਵਰਤੋਂ ਅਤਿਆਚਾਰਾਂ ਲੁੱਟਮਾਰ ਧੱਕੇਸ਼ਾਹੀ ਆਪਣੇ ਅਨੰਦ , ਸੁੱਖ ,ਖੁਸ਼ੀਆ, ਸਨਮਾਨ, ਉਨੱਤੀ ,ਖੁਸ਼ਹਾਲੀ ਲਈ ਕੀਤੀ ਅਤੇ ਆਪਣੀਆਂ ਸਕਤੀਆਂ ਤਾਕਤ ਦੇ ਨਸ਼ੇ ਵਿੱਚ ਪਾਗਲ ਹੋਕੇ ਇਨਸਾਨੀਅਤ ਦੀ ਤਬਾਹੀ ਕੀਤੀ ਉਸਨੂੰ ਸੱਭ ਦੀਆਂ ਬਦਦੁਆਵਾਂ , ਸਰਾਪ, ਨਾਮਿਲਵਰਤਨ , ਨਫਰਤਾਂ ਹੀ ਮਿਲਦੀਆਂ ਹਨ ਜੋ ਇਨਸਾਨ ਜਾਂ ਰਾਜੇ ਮਹਾਰਾਜੇ ਮਾਨਵਤਾ ਇਨਸਾਨੀਅਤ ਮਰਿਆਦਾਵਾਂ ਦੀ ਤਬਾਹੀ ਬਰਬਾਦੀ ਬਿਮਾਰੀਆਂ ਪਰੇਸ਼ਾਨੀਆਂ ਦੇ ਕਾਰਨ ਬਣਦੇ ਹਨ ਅਤੇ ਜਿੰਦਗੀ ਵਿੱਚ ਭਗਵਾਨ (ਭਾਵ ਭੂਮੀ ,ਗਗਨ, ਵਾਯੂ ,ਅਗਨੀ ਨੀਰ ) ਰਾਹੀ ਆਪਣੀਆਂ ਸਕਤੀਆਂ ਨਾਲ ਮਾੜੇ ਕਰਮ ਵਿਚਾਰ ਭਾਵਨਾਵਾਂ ਆਦਤਾਂ ਅਪਣਾਉਂਦੇ ਹਨ ਉਹ ਆਪਣੀ ਆਪਣੇ ਪਰਿਵਾਰ ਸਾਥੀਆਂ ਸਥਾਨ ਦੀ ਬਰਬਾਦੀ ਦੇ ਆਪ ਹੀ ਕਾਰਨ ਬਣਦੇ ਹਨ । ਕਲਾਮ ਸਾਹਿਬ ਜੀ ਨੇ ਲਿਖਿਆ ਕਿ ਜਦੋਂ ਤੱਕ ਰਾਵਣ ਨਿਮਰਤਾ, ਪ੍ਰੇਮ , ਇਨਸਾਨੀਅਤ, ਮਰਯਾਦਾਵਾਂ ਅਨੁਸਾਰ ਕਾਰਜ ਕਰਦੇ ਰਹੇ ਉਹ ਅਸ਼ੀਰਵਾਦ ,ਦੁਆਵਾਂ , ਪ੍ਰੇਮ, ਅਸੀਸਾਂ ਗਿਆਨ ਸਕਤੀਆਂ ਪਾਉਂਦੇ ਰਹੇ। ਭਗਵਾਨ ਸ੍ਰੀ ਸ਼ਿਵ ਸ਼ੰਕਰ ਜੀ ਨੇ ਵੀ ਰਾਵਣ ਨੂੰ ਮਹਾਨ ਸ਼ਕਤੀਆਂ, ਵਰਦਾਨ ਦਿੱਤੇ ਪਰ ਉਸ ਮਗਰੋਂ ਰਾਵਣ ਵਲੋਂ ਆਪਣੀਆਂ ਸਕਤੀਆਂ ਪਦਵੀਆਂ ਅਧਿਕਾਰਾਂ ਨਾਲ ਮਾਨਵਤਾ ਵਾਤਾਵਰਣ ਇਨਸਾਨੀਅਤ ਦੀ ਬਰਬਾਦੀ ਤਬਾਹੀ ਕਰਨੀ ਸ਼ੁਰੂ ਕੀਤੀ ਤਾਂ ਸਤਾਏ ਗਰੀਬਾਂ ਮਜ਼ਲੂਮਾਂ ਲਾਚਾਰ ਬੇਸਹਾਰਾ ਲੋਕਾਂ ਔਰਤਾਂ ਬਜੁਰਗਾਂ ਬੱਚਿਆਂ ਪਸ਼ੂ ਪੰਛੀਆਂ ਤੋਂ ਮਿਲੀਆਂ ਬਦਦੁਆਵਾਂ ਨਫਰਤਾਂ ਸਰਾਪਾਂ ਨੇ ਰਾਵਣ ਦੀ ਬਰਬਾਦੀ ਦੇ ਰਸਤੇ ਹੌਲੀ - ਹੌਲੀ ਖੋਲਣੇ ਸ਼ੁਰੂ ਕਰ ਦਿੱਤੇ ਸਨ ਅਤੇ ਪ੍ਰਮਾਤਮਾ ਦੇ ਹਥਿਆਰ ਭਾਵ ਕੁਦਰਤ ਨੇ ਰਾਵਣ, ਉਸਦੀਆਂ ਸ਼ਕਤੀਆ, ਸੈਨਾ, ਰਿਸ਼ਤੇਦਾਰਾਂ, ਸਾਥੀਆਂ , ਮਦਦਗਾਰਾਂ ਦੀ ਤਬਾਹੀ ਕਰਨ ਲਈ ਲੰਕਾ ਤੋਂ ਹਜਾਰਾਂ ਕਿਲੋਮੀਟਰ ਦੂਰ ਸ੍ਰੀ ਰਾਮ ਚੰਦਰ ਜੀ ਨੂੰ ਜਨਮ ਦਿਤਾ ਮਹਾਨ ਗੁਰੂਆਂ ਤੋਂ ਗਿਆਨ ਅਤੇ ਸਾਸਤਰ ਵਿਦਿਆ, ਅਲੌਕਿਕ ਹਥਿਆਰ, ਮਾਤਾਵਾਂ ਪਿਤਾ,ਬਜ਼ੁਰਗਾਂ ਨੌਕਰਾਂ ਤੋਂ ਅਸ਼ੀਰਵਾਦ ਪ੍ਰਾਪਤ ਕਰਨ ਲਈ ਸ੍ਰੀ ਰਾਮ ਚੰਦਰ ਜੀ ਅਤੇ ਭਰਾਵਾਂ ਨੇ ਪ੍ਰੇਮ




ਹਮਦਰਦੀ ਨਿਮਰਤਾ ਸਹਿਣਸ਼ੀਲਤਾ ਸਬਰ ਸਾਤੀ ਇਨਸਾਨੀਅਤ ਅਤੇ ਮਰਯਾਦਾਵਾਂ ਨੂੰ ਅਪਣਾਇਆਂ। ਰਾਵਣ ਅਤੇ ਉਸਦੇ ਸਾਥੀਆਂ ਦੀ ਤਬਾਹੀ ਲਈ ਭਗਵਾਨ ਨੇ ਸ੍ਰੀ ਰਾਮ ਚੰਦਰ ਜੀ ਤੋਂ ਸਿੰਘਾਸਨ ਛੱਡਵਾਕੇ ਬਨਵਾਸ ਭੇਜਿਆਂ ਰਾਵਣ ਦੀ ਭੈਣ ਨੂੰ ਰਾਮ ਕੋਲ ਭੇਜਿਆ ਅਤੇ ਸੀਤਾ ਮਾਤਾ ਦਾ ਰਾਵਣ ਤੋਂ ਹਰਨ ਕਰਵਾਕੇ ,ਸ੍ਰੀ ਰਾਮ ਜੀ ਰਾਹੀ ਵਿਸ਼ਾਲ ਸਮੁੰਦਰ ਤੇ ਵਿਸ਼ੇਸ ਪੁੱਲ ਬਣਵਾਕੇ ਲੰਕਾ ਤੱਕ ਪਹੁੰਚਾਉਣ ਲਈ ਕੁਦਰਤ ਨੇ ਮਦਦ ਕੀਤੀ। ਫੇਰ ਵੀ ਸ੍ਰੀ ਰਾਮ ਚੰਦਰ ਜੀ ਨੇ ਰਾਵਣ ਨੂੰ ਸਮਝਾਉਣ, ਲੰਕਾ ਦੇ ਸੈਨਿਕਾਂ ਪਬਲਿਕ ਦੀ ਤਬਾਹੀ ਰੋਕਣ ਲਈ ਸ੍ਰੀ ਹਨੂੰਮਾਨ ਜੀ ਅਤੇ ਫੇਰ ਸ੍ਰੀ ਅਗੰਦ ਜੀ ਨੂੰ ਰਾਵਣ ਕੋਲ ਭੇਜਿਆ ਪਰ ਰਾਵਣ ਨੂੰ ਮਿਲੀਆਂ ਬਦਦੁਆਵਾਂ, ਨਫਰਤਾਂ, ਆਕੜ ,ਹੰਕਾਰ ,ਸਰਾਪਾਂ ਨੇ ਉਸਦੀ ਮਹਾਨ ਅਕਲ ,ਦੱਸ ਸਿਰਾਂ ਦੇ ਦਿਮਾਗਾਂ ਦੇ ਗਿਆਨ,ਅਤੇ ਆਪਣੇ ਮਾਤਾ ਪਿਤਾ ਦੇ ਵਿਚਾਰਾਂ, ਧਰਮ- ਕਰਮ ਨੂੰ ਨਸ਼ਟ ਕਰ ਦਿੱਤਾ ਅਤੇ ਰਾਵਣ ਉਸਦੇ ਸਾਰੇ ਸੈਨਿਕ ਇੱਕ ਲੱਖ ਪੁਤਰ ਸਵਾ ਲੱਖ ਪੋਤਰੇ ਅਤੇ ਰਿਸ਼ਤੇਦਾਰ ਮਹਾਨ ਸ਼ਕਤੀਸ਼ਾਲੀ ਯੋਧਿਆਂ ਦੇ ਹੁੰਦੇ ਹੋਏ ਵੀ ਰਾਵਣ ਅਤੇ ਉਸ ਦੇ ਸਾਰੇ ਸੈਨਿਕ ਸਾਥੀ ਮਾਰੇ ਗਏ ਅਤੇ ਹਰ ਗਰੀਬ, ਸਾਧੂ-ਸੰਤ , ਦਰਖਤ -ਪੌਦੇ ਜਾਨਵਰ- ਪੰਛੀ, ਮਾਤਾ -ਪਿਤਾ ਗੁਰੂਆਂ ਤੋਂ ਮਿਲੀਆ ਦੁਆਵਾਂ ਅਸ਼ੀਰਵਾਦ, ਪ੍ਰੇਮ ,ਹਮਦਰਦੀ ਨੇ ਸ੍ਰੀ ਰਾਮ ਜੀ ਨੂੰ ਜਿੱਤ ਦਿਵਾਈ ਅਤੇ ਸੱਭ ਦੀ ਰੱਖਿਆ ਵੀ ਕੀਤੀ ਜਦੋਂ ਮਾਂ ਕੁੱਸਲਿਆਂ ਨੇ ਸ੍ਰੀ ਰਾਮ ਜੀ ਨੂੰ ਰਾਵਣ ਨੂੰ ਕਿਵੇ ਮਾਰਿਆਂ ਬਾਰੇ ਪੁੱਛਿਆ ਤਾਂ ਸ੍ਰੀ ਰਾਮ ਜੀ ਨੇ ਕਿਹਾ ਕਿ ਮਹਾਨ ਤਪੱਸਵੀ ਮਹਾਨ ਸਕਤੀਸਾਲੀ ਸੱਭ ਗ੍ਰੰਥਾਂ ਦਾ ਗਿਆਨੀ ਪੰਡਤ ਵਿਸ਼ਵ ਵਿਜੇਤਾ ਨੂੰ ਮੈਂ ਨਹੀਂ ਖੁੱਦ ਰਾਵਣ ਦੀ ਮੈਂ ਮੈਂ ਭਾਵ ਹੰਕਾਰ ਨਫਰਤ ਬਦਦੁਆਵਾਂ ਨੇ ਮਾਰਿਆ। ਇਸ ਲਈ ਜਿੰਦਗੀ ਵਿੱਚ ਮਰਯਾਦਾਵਾਂ ਇਨਸਾਨੀਅਤ ਪ੍ਰੇਮ,ਅਸ਼ੀਰਵਾਦ ,ਦੁਆਵਾਂ ਦੇ ਬਹੁਤ ਮਹੱਤਵ ਹਨ ਅਤੇ ਜੋ ਇਨਸਾਨ ਮਰਯਾਦਾਵਾਂ ਇਨਸਾਨੀਅਤ ,ਪ੍ਰੇਮ , ਹਮਦਰਦੀ, ਨਿਮਰਤਾ , ਸਹਿਣਸ਼ੀਲਤਾ ਅਪਣਾਕੇ ਨਿਸ਼ਕਾਮ ਭਾਵਨਾ ਨਾਲ ਕਾਰਜ ਕਰਦੇ ਹਨ ਕਿਸੇ ਦੇ ਦੁੱਖ ਦਰਦ ਦਾ ਕਾਰਨ ਨਹੀਂ ਬਣਦੇ ਸਗੋਂ ਸੱਭ ਲਈ ਮਦਦਗਾਰ ਪ੍ਰੇਮੀ ਹਮਦਰਦ ਬਣਦੇ ਹਨ ਉਹ ਰਾਮ ਬਣਦੇ ਜਾਂ ਰਾਮ ਜੀ ਵਰਗੇ ਬਣਦੇ ਅਤੇ ਜੋ ਮਰਿਆਦਾਵਾਂ ਇਨਸਾਨੀਅਤ, ਨਿਸ਼ਕਾਮ ਧਰਮ, ਫਰਜਾਂ ,ਪ੍ਰੇਮ ,ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ,ਅਨੁਸਾਸ਼ਨ ਛੱਡੇਗਾ ਉਸਨੂੰ ਹੰਕਾਰ ,ਆਕੜ , ਲੁੱਟ-ਮਾਰ ,ਲਾਲਚ ਅਤਿਆਚਾਰ ਲੁੱਟਮਾਰ ਹੇਰਾਫੇਰੀ ਦੀਆਂ ਆਦਤਾਂ ਵਿਚਾਰ ਘੇਰ ਲੈਂਦੇ ਅਤੇ ਆਪਣੇ ਜਾਲ ਵਿੱਚ ਫਸਾਕੇ ਉਸਤੋਂ ਇਨਸਾਨੀਅਤ ਮਰਿਆਦਾਵਾਂ ਦੀ ਤਬਾਹੀ ਉਸਦੇ ਵਿਚਾਰ ਆਦਤਾਂ ਕਰਵਾਉਣਗੇ ਉਸਨੂੰ ਅਤੇ ਉਸ ਦੇ ਸਾਥੀਆਂ ਨੂੰ ਤਬਾਹ ਬਰਬਾਦ ਕਰਨ ਲਈ ਕੁਦਰਤ ਆਪੇ ਉਸਦੇ ਅੰਦਰ ਆਲੇ -ਦੁਆਲੇ ਤਬਾਹੀ, ਬਰਬਾਦੀ, ਬਿਮਾਰੀਆਂ, ਪਰੇਸ਼ਾਨੀਆਂ, ਦੁਸ਼ਮਣ ਪੈਦਾ ਕਰ ਦਿੰਦੀ ਹੈ ਅਤੇ ਮਕੜੀ ਵਾਂਗ ਪਾਪੀ ਇਨਸਾਨ ਆਪਣੇ ਹੀ ਆਕੜ, ਹੰਕਾਰ ,ਲਾਲਚ, ਨਫਰਤ, ਬਦਦੂਆਵਾਂ ਦੇ ਜਾਲ ਵਿੱਚ ਫਸਕੇ ਤਬਾਹ ਹੁੰਦਾ ਰਹਿੰਦਾ ਹੈ। ਉਸ ਕੋਲ ਪਏ ਧੰਨ -ਦੌਲਤ , ਹਥਿਆਰ, ਸ਼ਕਤੀਆਂ, ਸਾਥੀ ,ਯੋਧੇ ਸੱਭ ਬੇਕਾਰ ਹੋ ਜਾਂਦੇ ਹਨ। ਇਸੀ ਕਰਕੇ ਸਿਕੰਦਰ ਨੇ ਮਰਦੇ ਹੋਏ ਕਿਹਾ ਸੀ,ਕਿ ਉਸਦੇ ਜਨਾਜੇ ਅੱਗੇ -ਪਿੱਛੇ ਉਸਦੀ ਸਾਰੀ ਸੈਨਾ ਹਥਿਆਰ, ਧੰਨ-ਦੌਲਤ ,ਘੋੜੇ , ਹਾਥੀ ਹੋਣ ਅਤੇ ਉਸਦੇ ਦੋਵੇਂ ਹੱਥ ਅਤੇ ਪੈਰ ਸਿਰ ਕੱਫਣ ਵਿਚੋਂ ਬਾਹਰ ਲਟਕਦੇ ਰਹਿਣ ਤਾਂ ਜੋ ਦੁਨੀਆਂ ਦੇ ਯੋਧਿਆਂ,ਰਾਜੇ -ਮਹਾਰਾਜਿਆਂ ਜਾਲਮਾਂ ਅਤਿਆਚਾਰੀਆਂ ਲੁੱਟਮਾਰ ਹੇਰਾਫੇਰੀ ਕਰਕੇ ਬਣੇ ਅਮੀਰਾਂ ਨੂੰ ਸਮਝ ਆ ਜਾਵੇ ਕਿ ਸਿੰਕਦਰ ਰਾਵਣ ਕੰਸ ਔਰੰਗਜੇਬ ਹਰਨਾਕਸਿਪ ਦਰਯੋਧਨ ਸਾਰੇ ਹੀ ਖਾਲੀ ਹੱਥ ਦੁਨੀਆਂ ਵਿੱਚੋਂ ਜਾਂਦੇ ਰਹਿੰਦੇ ਹਨ ਅਤੇ ਇਸ ਧਰਤੀ ਦੇ ਕਣ ਕਣ ਵਿੱਚ ਮਹਾਨ ਯੋਧਿਆਂ ਰਾਜੇ ਮਹਾਰਾਜਿਆਂ ਸਿਕੰਦਰਾਂ ਸੈਨਾਪਤੀਆਂ ਸੇਰਾਂ ਬਗੈਰ ਸੇਰਾਂ ਹਾਥੀਆਂ ਮਗਰਮੱਛਾਂ ਦੇ ਮਹਾਨ ਸਰੀਰ ਭਗਵਾਨ ( ਭੂਮੀ ਗਗਨ ਵਾਯੂ ਅਗਨੀ ਨੀਰ) ਵਿੱਚ ਰੂਲੇ ਫਿਰਦੇ ਹਨ ਜੋ ਕਦੇ ਨੰਗੇ ਪੈਰ ਜਮੀਨ ਤੇ ਚਲਦੇ ਵੀ ਨਹੀਂ ਸਨ ਜੋ ਕਦੇ ਮਖਮਲੀ ਗੱਦਿਆਂ ਤੋਂ ਹੇਠਾਂ ਨਹੀਂ ਉਤੱਰਦੇ ਸਨ ਅਤੇ ਉਹ ਕਰੋੜਾਂ ਰਾਜੇ ਮਹਾਰਾਜੇ ਯੋਧੇ ਜਿਹੜੇ ਹਰਰੋਜ ਸੋਨੇ, ਹੀਰਿਆਂ - ਮੋਤੀਆਂ ਦੇ ਤਾਜ ਸਜਾਕੇ ਘੋੜਿਆਂ ਰੱਥਾਂ ਹਾਥੀਆਂ ਜਹਾਜ਼ਾਂ ਤੇ ਸਵਾਰ ਹੋਕੇ ਦੁਨੀਆਂ ਜਿੱਤਣ ਲਈ ਨਿਕਲਦੇ ਸਨ ਪਰ ਉਨਾਂ ਨੂੰ ਮਰਨ ਤੋਂ ਬਚਾਉਣ ਲਈ ਧੰਨ ਦੌਲਤ ਸੈਨਿਕ ਸਕਤੀਆਂ ਕੁਝ ਵੀ ਨਾ ਕਰ ਸਕੀਆਂ । ਕਲਾਮ ਸਾਹਿਬ ਜੀ ਨੇ ਲਿਖਿਆ ਹੈ ਕਿ ਜਦੋਂ ਤੱਕ ਸਰੀਰ ਵਿੱਚ ਸਕਤੀਆਂ ਤਾਕਤ ਗਿਆਨ ਸਮਾਂ ਸਨਮਾਨ ਅਵਸਰ ਹਨ ਧਰਤੀ ਮਾਤਾ ਮਾਨਵਤਾ ਇਨਸਾਨੀਅਤ ਵਾਤਾਵਰਣ ਬੱਚਿਆਂ ਨੋਜਵਾਨਾਂ ਦੀ ਉਨੱਤੀ ਖੁਸ਼ਹਾਲੀ ਤੰਦਰੁਸਤੀ ਸੁਰੱਖਿਆ ਸਨਮਾਨ ਬਚਾਓ ਮਦਦ ਪ੍ਰੇਮ ਹਮਦਰਦੀ ਅਨੁਸਾਸ਼ਨ ਭਾਈਚਾਰੇ ਸਹਿਣਸ਼ੀਲਤਾ ਹਿਤ ਯਤਨ ਕਰਦੇ ਰਹੋ ਪਰ ਸਨਮਾਨ ਇੱਜਤ ਧੰਨ ਦੌਲਤ ਦੀ ਇੱਛਾ ਕਦੇ ਨਾ ਰੱਖੋ ਕਿਉਕਿ ਇਨਸਾਨ ਆਪਣੇ ਯਤਨਾਂ ਕੋਸ਼ਿਸਾਂ ਅਕਲ ਨਾਲ ਨਹੀਂ ਸਗੋਂ ਦੁਆਵਾਂ ਅਸ਼ੀਰਵਾਦ ਧੰਨਵਾਦ ਪ੍ਰੇਮ ਹਮਦਰਦੀ ਸਨੇਹ ਅਤੇ ਆਪਣੇ ਨਿਸ਼ਕਾਮ ਕਰਮਾਂ ਰਾਹੀ ਮਿਲੇ ਸਨਮਾਨ ਸਿਹਤ ਸੁਰੱਖਿਆ ਸਹੂਲਤਾਂ ਖੁਸੀਆਂ ਅਮਨ ਸ਼ਾਂਤੀ ਦੇ ਵਰਦਾਨਾਂ ਨਾਲ ਸਿਹਤਮੰਦ ਸੁਰੱਖਿਅਤ ਅਮਨ ਸ਼ਾਂਤ ਸਨਮਾਨਿਤ ਉੱਨਤ ਅਤੇ ਖੁਸ਼ਹਾਲ ਰਹਿੰਦੇ ਹਨ।

# ਜਿੱਤ ਤੋਂ ਬਾਅਦ ਪੰਜਾਬ ਵਾਸੀਆਂ ਦੀ ਸੋਚ ਤੇ ਖਰੀ ਉੱਤਰੇ ਆਪ ਦੀ ਸਰਕਾਰ



**ਪਟਿਆਲਾ/ਜਗਦੀਸ਼**

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਰਿਕਾਰਡ ਤੋੜ ਨਤੀਜੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਆ ਚੁੱਕੇ ਹਨ। ਪੰਜਾਬ ਵਾਸੀਆਂ ਨੇ ਹੋਰਨਾਂ ਪਾਰਟੀਆਂ ਨੂੰ ਨਕਾਰਦਿਆ ਆਪ *ਤੇ ਭਰੋਸਾ ਜਤਾਇਆ ਹੈ। ਇਸ ਲਈ ਆਪ ਦੀ ਸਰਕਾਰ ਪੰਜਾਬ ਵਿੱਚ ਬਣਾਉਣ ਤੋਂ ਤੁਰੰਤ ਬਾਅਦ ਹੀ ਨੌਜਵਾਨਾਂ ਦੇ ਸੁਨਹਿਰੀ ਭਵਿੱਖ ਨੂੰ ਮੁੱਖ ਰੱਖਦਿਆਂ ਰੋਜਗਾਰ ਹਿੱਤ ਵਿੱਚ ਪਹਿਲ ਦੇ ਆਧਾਰ ਤੇ ਕਾਰਜ ਕਰੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸਰਵਹਿੱਤ ਯੁਵਾ ਏਕਤਾ ਮੰਚ ਦੇ ਪ੍ਰਧਾਨ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੀਤੇ ਕਈ ਸਾਲਾਂ ਤੋਂ ਪੰਜਾਬ ਦੇ ਲੋਕ ਅਨੇਕਾਂ ਸਮੱਸਿਆਵਾਂ ਨਾਲ ਜੁਝਦੇ ਆ ਰਹੇ ਹਨ, ਜਿਨ੍ਹਾਂ ਵਿੱਚ ਅੱਤ ਦੀ ਮਹਿੰਗਾਈ ਅਤੇ ਬੇਰੋਜਗਾਰੀ ਮੁੱਖ ਹਨ। ਇਨ੍ਹਾਂ ਸਮੱਸਿਆਵਾਂ ਦੇ ਸਮਾਧਾਨ ਸਬੰਧੀ ਵੱਖ—ਵੱਖ ਪਾਰਟੀਆਂ ਦੇ ਨੇਤਾਵਾਂ ਮੰਤਰੀਆਂ ਵੱਲੋਂ ਅਨੇਕਾਂ ਝੂਠੇ ਵਾਅਦੇ ਕਰ ਲੋਕਾਂ ਨੂੰ ਸਬਜਬਾਗ ਵਿਖਾਏ ਗਏ। ਲੋਕਾਂ ਦੇ ਇਨ੍ਹਾਂ ਵੱਡੀ—ਵੱਡੀ ਪਾਰਟੀਆਂ ਦੇ ਲੀਡਰਾਂ ਨੂੰ ਵਿਧਾਨ ਸਭਾ ਚੋਣਾਂ ਵਿੱਚ ਸਬਕ ਸਿਖਾਉਂਦਿਆਂ ਇੱਕ ਆਪ ਨੂੰ ਦਿੱਤਾ ਹੈ। ਵਡੇਰਾ ਨੇ ਦੱਸਿਆ ਕਿ ਨੌਜਵਾਨਾਂ ਦਾ ਨਸ਼ਿਆਂ ਵੱਲ ਜਾਣ ਦਾ ਵੱਡਾ ਕਾਰਨ ਬੇਰੋਜਗਾਰੀ ਹੀ ਹੈ, ਇਨ੍ਹਾਂ ਨਸ਼ਿਆਂ ਨੇ ਅਨੇਕਾਂ ਘਰਾਂ ਦੇ ਚਿਹਰਾ ਬੁਝਾ ਦਿੱਤੇ ਹਨ, ਅਤੇ ਅਨੇਕਾਂ ਹੀ ਨਸ਼ਾ ਮੁਕਤੀ ਕੇਂਦਰਾਂ ਵਿੱਚ ਆਪਣੇ ਇਲਾਜ ਕਰਵਾ ਰਹੇ ਹਨ। ਇਸ ਲਈ ਪੰਜਾਬ ਵਿੱਚ ਬਨਣ ਜਾ ਰਹੀ ਆਪ ਦੀ ਸਰਕਾਰ ਪੰਜਾਬ ਵਾਸੀਆਂ ਦੀ ਸੋਚ *ਤੇ ਖਰੀ ਉੱਤਰੇ ਅਤੇ ਮਹਿੰਗਾਈ ਤੇ ਬੇਰੋਜਗਾਰੀ ਤੇ ਕਾਬੂ ਪਾਉਣ ਲਈ ਪਹਿਲ ਦੇ ਆਧਾਰ ਤੇ ਕਦਮ ਚੁੱਕੇ।

# ਡਾਕਟਰ ਐਸ ਐਸ ਸ਼ੇਰਗਿੱਲ ਵੰਡੇ ਗਏ ਲੱਡੂ



**ਲੁਧਿਆਣਾ/ਜਸਦੀਪ**

ਡਾਕਟਰ ਐੱਸ ਐਸ ਸ਼ੇਰਗਿੱਲ ਸਾਬਕਾ ਪ੍ਰਧਾਨ ਉੱਤਰੀ ਲੁਧਿਆਣਾ ਵਾਈਸ ਪ੍ਰਧਾਨ ਡਾਕਟਰ ਵਿੰਗ ਲੁਧਿਆਣਾ ਉਤਰੀ ਤੋਂ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਜੀ ਐਮ ਐਲ ਏ ਬਣਨ ਦੀ ਖੁਸ਼ੀ ਵਿੱਚ ਲੱਡੂ ਵੰਡੇ ਲੋਕਾਂ ਨੇ ਖੁਸ਼ੀ ਜ਼ਾਹਰ ਕੀਤੀ ਲੋ ਕਾਂ ਨੂੰ ਭਰੋਸਾ ਦਿਲਾਆ ਇਮਾਨਦਾਰੀ ਨਾਲ ਕੰਮ ਕਰਾਂਗਾ ਲੋਕਾਂ ਦੀ ਲੋੜਾਂ ਪੂਰੀ ਕਰਾਂਗਾ ਇਮਾਨਦਾਰੀ ਨਾਲ ਵੱਡੀ ਲੀਡ ਜਿੱਤਣ ਦੇ ਖੁਸ਼ੀ ਪ੍ਰਗਟ ਕਰਦੇ ਹੋਏ ਸੁਰਜੀਤ ਰਾਮ, ਹਰਦੇਵ ਸਿੰਘ, ਦੀਦਾਰ ਸਿੰਘ, ਅਮਰਜੀਤ ਸਿੰਘ, ਰਜਿੰਦਰ ਪਾਲ ਸਿੰਘ ਔਲਖ, ਨੂਰ ਆਲਮ, ਵਿਜੈ ਕੁਮਾਰ, ਰਕੇਸ਼ ਭੱਲਾ, ਹਰਬੰਸ ਲਾਲ, ਗਿਆਨ ਸਿੰਘ, ਬਾਜੀਗਰ ਬਸਤੀ ਮੁਹੱਲਾ ਜਸਦੀਪ ਵਿਜੇ ਪਰਮਜੀਤ, ਬੱਬੂ, ਰੋਕਸੀ, ਰੋਸ਼ਨ,ਵਿੱਕੀ, ਮਦਨ ਲਾਲ, ਹਰਦੀਪ ਕੌਰ ਗਿੱਲ, ਸ਼ੀਲਾ ਗੁਪਤਾ, ਪਰਮਜੀਤ ਕੌਰ, ਰਮਾ ਜੀ, ਸੁਸ਼ਮਿਤਾ ਡੇ, ਹੇਮਲਤਾ ਪਾਂਡੇ ਆਦਿ ਹਾਜਰ ਸਨ।

# ਵਿਧਾਨ ਸਭਾ ਹਲਕਾ ਪੱਟੀ ਵਿੱਚ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਮਰਥਕਾਂ ਵਿੱਚ ਲੱਗੀ ਸ਼ਰਤ

**ਭਿੱਖੀਵਿੰਡ/ਖਾਲੜਾ/ਲੋਕ ਬਾਣੀ**

ਵਿਧਾਨ ਸਭਾ ਹਲਕਾ ਪੱਟੀ ਵਿੱਚ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਮਰਥਕਾਂ ਦਰਮਿਆਨ 50, 50 ਹਜ਼ਾਰ, ਰੁਪਏ ਦੀ ਲੱਗੀ ਸ਼ਰਤ ਦੀ ਜਾਣਕਾਰੀ ਦਿੰਦਿਆਂ ਪਿੰਡ ਚੂਸਲੇਵੱਡ ਦੇ ਮੁਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਸਮਰਥਕ ਹੀਰਾ ਸਿੰਘ ਨੇ ਫੇਸਬੁੱਕ @ਤੇ ਪੋਸਟ ਪਾਈ ਸੀ. ਲਾਲਜੀਤ ਸਿੰਘ ਭੁੱਲਰ ਪੱਟੀ ਸ਼ਹਿਰ ਤੋਂ ਜਿੱਤਣਗੇ ਅਤੇ ਜਿਸ ਨੇ ਵੀ ਮੇਰੇ ਨਾਲ ਸ਼ਰਤ ਲਾਉਣੀ ਹੈ ਉਹ ਦਾ ਲਵੇ । ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਮਰਥਕ ਕੁਲਬੀਰ ਸਿੰਘ ਚੂਸਲੇਵੜ ਨੇ ਕਿਹਾ ਕਿ ਸਾਡਾ ਸਰਦਾਰ ਆਦੇਸ਼ ਪ੍ਰਤਾਪ ਸਿੰਘ ਹੀ ਜਿੱਤੇਗਾ। ਫਿਰ ਦੋਵਾਂ @ਚ 50, 50 ਹਜ਼ਾਰ ਰੁਪਏ ਦੀ ਸਰਤ ਲੱਗ ਗਈ। ਪਿੰਡ ਚੂਸਲੇਵੜ ਦੇ ਮੁਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਵਿਅਕਤੀਆਂ ਨੇ ਮੈਨੂੰ 50-50 ਹਜ਼ਾਰ ਰੁਪਏ ਦਿੱਤੇ ਹਨ



ਅਤੇ ਜੋ ਵੀ ਪਾਰਟੀ ਦਾ ਵਿਅਕਤੀ ਜਿੱਤੇਗਾ, ਉਸ ਨੂੰ ਇਕ-ਇਕ ਲੱਖ ਰੁਪਏ ਦਿੱਤੇ ਜਾਣਗੇ।

# ਮਾਲਵਾ ’ਚ ਨਹੀਂ ਚੱਲਿਆ ਡੇਰਾ ਸਿਰਸਾ ਦੇ ਵਿੰਗ ਦਾ ਜਾਦੂ

**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਸਾਰੀਆਂ 117 ਸੀਟਾਂ @ਤੇ ਰੁਝਾਨ ਸਾਹਮਣੇ ਆ ਗਏ ਹਨ। ਰੁਝਾਨਾਂ ਮੁਤਾਬਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਲਹਿਰ ਵੇਖਣ ਨੂੰ ਮਿਲੀ ਹੈ ,ਜਿਸਦੇ ਅੱਗੇ ਕਾਂਗਰਸ,ਅਕਾਲੀ ਸਮੇਤ ਸਾਰੀਆਂ ਪਾਰਟੀਆਂ ਦੀ ਹਾਲਤ ਬਹੁਤ ਖ਼ਰਾਬ ਹੋਈ ਵੇਖਣ ਨੂੰ ਮਿਲੀ ਪਰ ਹੈਰਾਨੀ ਦੀ ਗੱਲ ਹੋਈ ਕਿ ਇਸ ਆਪ ਦੀ ਸੁਨਾਮੀ ਵਿੱਚ ਪੰਜਾਬ ਦੀ ਸਿਆਸਤ ਦੇ ਵੱਡੇ-ਵੱਡੇ ਚਿਹਰੇ ਭਾਵ ਥੰਮ ਵੀ ਪੱਛੜ ਗਏ। ਵੱਡੀਆਂ ਵੱਡੀਆਂ ਗੱਲਾਂ ਕਰਕੇ ਡੇਰੇ ਦੇ ਵਿੰਗ ਵੱਲੋਂ ਅਕਸਰ ਆਪਣੇ ਡੇਰੇ ਦੇ ਪੈਰੋਕਾਰਾਂ ਦੀ ਵੋਟ ਬੈਂਕ ਨੂੰ ਵਰਤਕੇ ਰਾਜਨੀਤਕ ਪਾਰਟੀਆਂ ਤੇ ਵੱਡਾ ਪ੍ਰਭਾਵ ਪਾਇਆ ਜਾਂਦਾ ਸੀ, ਜਿਸਦਾ ਡੇਰਾ ਵਿੰਗ ਵੱਡਾ ਫਾਇਦਾ ਲੈਂਦਾ ਸੀ ਪਰ ਇਸ ਵਾਰ ਮਾਲਵਾ ’ਚ ਡੇਰਾ ਸਿਰਸਾ ਦਾ ਜਾਦੂ ਨਹੀਂ ਚੱਲਿਆ ਭਾਵੇਂ ਇਸ ਵਿਧਾਨ ਸਭਾ ਚੋਣਾਂ@ ਚ ਡੇਰਾ ਸਿਰਸਾ ਦੇ ਵਿੰਗ ਨੇ ਬੀਜੇਪੀ ਤੇ ਅਕਾਲੀ ਦਲ ਦੀ ਖੁੱਲਕੇ ਹਮਾਇਤ ਕੀਤੀ ਸੀ ਪਰ ਅਫਸੋਸ ਕਿ ਸ਼ਾਇਦ ਇਸ ਵਾਰ ਪੈਰੋਕਾਰ ਵੀ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਹੀ ਭੁਗਤ ਗਏ। ਇਸ ਗੱਲ ਦਾ ਅੰਦਾਜ਼ਾ ਤਲਵੰਡੀ ਸਾਬੋ ਵਿਧਾਨ ਸਭਾ ਸੀਟ ਤੋਂ ਡੇਰਾ ਸਿਰਸਾ ਮੁਖੀ ਰਾਮ ਰਹੀਮ ਦੇ ਰਿਸ਼ਤੇਦਾਰ ਹਰਮਿੰਦਰ ਜੱਸੀ ਦੀ ਜ਼ਮਾਨਤ ਜ਼ਬਤ ਹੋ




ਜਾਣ ਤੋਂ ਲੱਗਦਾ ਹੈ ਤੇ ਇਸ ਸੀਟ @ਤੇ ‘ਆਪ’ ਦੀ ਬਲਜਿੰਦਰ ਕੌਰ ਵੱਡੀ ਲੀਡ ਤੇ ਜੇਤੂ ਰਹੀ। ਗੌਰਤਲਬ ਹੈ ਕਿ ਡੇਰਾ ਮੁਖੀ ਦੇ ਕੁੜਮ ਹਰਮਿੰਦਰ ਜੱਸੀ ਨੂੰ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ, ਜਿਸ ਤੋਂ ਖਫਾ ਹੋਕੇ ਉਨ੍ਹਾਂ ਨੇ ਤਲਵੰਡੀ ਸਾਬੋ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਫੈਸਲਾ ਕੀਤਾ ਸੀ। ਜਿਸ ਤੇ ਡੇਰੇ ਦੇ ਰਾਜਨੀਤਕ ਵਿੰਗ ਵੱਲੋਂ ਹਰਮਿੰਦਰ ਜੱਸੀ ਨੂੰ ਆਜ਼ਾਦ ਤੌਰ ਹੀ ਜਿਤਾਉਂਣ ਦੀ ਠਾਣ ਲਈ ਸੀ। ਡੇਰੇ ਦੇ ਆਏ ਆਦੇਸ਼ ਤੋਂ ਬਾਅਦ ਡੇਰਾ ਪ੍ਰੇਮੀਆਂ ਵੱਲੋਂ ਹਰਮਿੰਦਰ ਜੱਸੀ ਦੇ ਹੱਕ ਵਿੱਚ ਚੋਣ ਮੁਹਿੰਮ ਚਲਾਉਣ ਦਾ ਬੀੜਾ ਵਿੱਢ ਦਿੱਤਾ ਸੀ, ਜਾਣਕਾਰੀ ਅਨੁਸਾਰ ਡੇਰੇ ਦੀਆਂ ਬਲਾਕ ਪੱਧਰ ਦੀਆਂ ਕਮੇਟੀਆਂ ਵੱਲੋਂ ਆਪਣੇ ਆਪਣੇ ਪ੍ਰੇਮੀਆਂ ਨੂੰ ਹਰਮਿੰਦਰ ਜੱਸੀ ਦੀ ਚੋਣ ’ਚ ਆਪਣੇ ਖਰਚੇ ਤੇ ਭੇਜਿਆ ਜਾਂਦਾ ਰਿਹਾ ਤੇ ਪ੍ਰੇਮੀਆਂ ਨੂੰ ਆਦੇਸ਼ ਸੀ ਕਿ ਚੋਣ ਪ੍ਰਚਾਰ ਦੌਰਾਨ ਕਿਸੇ ਨੇ ਵੀ ਆਪਣੇ ਗਲ@ ਚ ਡੇਰੇ ਦਾ ਇੰਸ਼ਾਂ ਲਾਕਟ ਨਹੀਂ ਪਾਉਂਣਾ ਤਾਂ ਜੋ ਕਿਸੇ ਨੂੰ ਇਹ ਨਾ ਪਤਾ ਲੱਗ ਸਕੇ ਕਿ ਡੇਰਾ ਮੁਖੀ ਦੇ ਕੁੜਮ ਦੀ ਚੋਣ ਮੁਹਿੰਮ ਵਿੱਚ ਡੇਰਾ ਪ੍ਰੇਮੀਆਂ ਵੱਲੋਂ ਸਾਥ ਦਿੱਤਾ ਜਾਂਦਾ ਹੈ ਤੇ ਚੋਣਾਂ ਵਿੱਚ ਡੇਰਾ ਸੱਚਾ ਸੌਦਾ ਦਾ ਸਿਆਸੀ ਵਿੰਗ ਉਸ ਦੇ ਨਾਲ ਖੜ੍ਹਾ ਸੀ ਪਰ ਹਰਮਿੰਦਰ ਜੱਸੀ ਨੂੰ ਇਸ ਦਾ ਕੋਈ ਲਾਭ ਨਹੀਂ ਮਿਲਿਆ। ਡੇਰੇ ਦੇ ਵਿੰਗ ਵੱਲੋਂ ਹੋਰਨਾਂ ਪਾਰਟੀਆਂ ਦੀ ਹਮਾਇਤ ਤੋਂ ਬਾਅਦ ਵੀ ਆਮ ਆਦਮੀ ਪਾਰਟੀ ਦਾ ਵੱਡੀ ਲੀਡ ਲੈਕੇ ਉੱਭਰਕੇ ਸਾਹਮਣੇ ਆਉਂਣਾ ਇਹ ਗੱਲ ਸਾਬਿਤ ਕਰਦਾ ਹੈ ਕਿ ਡੇਰੇ ਦੇ ਵਿੰਗ ਦੀ ਡੇਰਾ ਪ੍ਰੇਮੀ ਹੀ ਗੱਲ ਮੰਨਣ ਨੂੰ ਤਿਆਰ ਨਹੀਂ ਹਨ ਤੇ ਸ਼ਾਇਦ ਹੁਣ ਡੇਰਾ ਵਿੰਗ ਆਪਣਾ ਪਹਿਲਾਂ ਵਾਂਗ ਵੱਖੋ ਵੱਖਰੀਆਂ ਪਾਰਟੀਆਂ ਤੇ ਡੇਰਾ ਵੋਟ ਬੈਂਕ ਦਿਖਾਕੇ ਪ੍ਰਭਾਵ ਪਾਉਣ ਦਾ ਨਾਟਕ ਛੱਡਦਾ ਨਜਰ ਆਵੇਗਾ। ਜਿਕਰਯੋਗ ਹੈ ਕਿ ਹਰ ਵਾਰ ਡੇਰਾ ਪ੍ਰੇਮੀ ਡੇਰੇ ਦੇ ਵਿੰਗ ਦਾ ਫੈਸਲਾ ਪ੍ਰਵਾਨ ਕਰਦੇ ਸਨ ਪਰ ਕੁਝ ਡੇਰਾ ਪ੍ਰੇਮੀਆਂ ਨੇ ਦੱਸਿਆ ਕਿ ਡੇਰਾ ਵਿੰਗ ਸਾਡੇ ਤੋਂ ਗੁਰੂ ਦੇ ਨਾਮ ਤੇ ਵੋਟਾਂ ਪਵਾ ਜਾਂਦਾ ਹੈ ਪਰ ਅੱਜ ਤੱਕ ਡੇਰੇ ਦੇ ਵਿੰਗ ਵੱਲੋਂ ਸਾਨੂੰ ਪੁੱਛਿਆ ਤੱਕ ਨਹੀਂ ਗਿਆ, ਦੂਜਾ ਜਿਸ ਪਾਰਟੀ ਨੇ ਪੰਚਕੂਲਾ ਵਿਖੇ ਡੇਰਾ ਪ੍ਰੇਮੀਆਂ ਤੇ ਤਸੱਦਦ ਕੀਤਾ ਉਸ ਪਾਰਟੀ ਨੂੰ ਡੇਰੇ ਦੇ ਵਿੰਗ ਨੇ ਹੋਏ ਤਸੱਦਦ ਨੂੰ ਅੱਖੋ ਪਰੋਖੇ ਕਰਕੇ ਸਮਰਥਨ ਦਿੱਤਾ ਹੈ ਜਿਸਤੇ ਖਫਾ ਹੋਕੇ ਡੇਰਾ ਪ੍ਰੇਮੀਆਂ ਨੇ ਵੱਡੇ ਪੱਧਰ ਤੇ ਡੇਰਾ ਵਿੰਗ ਦੇ ਫੈਸਲੇ ਤੋਂ ਉੱਲਟ ਆਪਣੇ ਵੋਟ ਬੈਂਕ ਨੂੰ ਭੁਗਤਿਆ ਹੈ। ਵੱਡੀਆਂ ਪਾਰਟੀਆਂ ਦੇ ਮੁੱਖ ਆਗੂਆਂ ਦੀ ਹਾਰ ਤੋਂ ਬਾਅਦ ਪਾਰਟੀਆਂ ਵੀ ਇਹ ਸਮਝ ਚੁੱਕੀਆਂ ਹਨ ਕਿ ਅੱਗੇ ਤੋਂ ਡੇਰੇ ਦਾ ਸਮਰਥਨ ਲੈਣਾ ਘਾਟੇ ਦਾ ਸੌਦਾ ਹੀ ਹੋਵੇਗਾ। ਇਸ ਲਈ ਸ਼ਾਇਦ ਹੁਣ ਰਾਜਨੀਤਿਕ ਪਾਰਟੀਆਂ ਡੇਰੇ ਦੇ ਰਾਜਨੀਤਕ ਵਿੰਗ ਨੂੰ ਮੂੰਹ ਲਾਉਣ ਤੋਂ ਪਰਹੇਜ ਹੀ ਕਰਨਗੀਆਂ।

## ਵਰ੍ਹੇਗੰਢ ਮੁਬਾਰਕ



ਮਾਸਟਰ ਸੰਜੀਵ ਧਰਮਾਣੀ ਅਤੇ ਮੈਡਮ ਰਜਨੀ ਧਰਮਾਣੀ ਸ੍ਰੀ ਅਨੰਦਪੁਰ ਸਾਹਿਬ ਨੇ ਆਪਣੇ ਵਿਆਹ ਦੀ 14 ਵੀਂ ਵਰ੍ਹੇਗੰਢ 12 ਮਾਰਚ ਨੂੰ ਮਨਾਈ ।



ਵਲਟੋਹਾ ਵਿੱਚ ਜਿੱਤ ਦੀ ਖੁਸ਼ੀ ਮਨਾਉਂਦਾ ਹੋਇਆ ਇੱਕ ਆਪ ਵਰਕਰ।



ਹਲਕਾ ਖੇਮਕਰਨ ਤੋਂ ਸਰਦਾਰ ਸਵਰਨ ਸਿੰਘ ਧੁੰਨ 11882 ਵੋਟਾਂ ਨਾਲ ਜੇਤੂ



ਖੰਨਾ ਤੋਂ ਤਰੁਨਪ੍ਰੀਤ ਸਿੰਘ ਸੌਂਧ ਜੇਤੂ

## ਹਲਕਾ ਭੁਲੱਥ ਤੋਂ ਸੁਖਪਾਲ ਖਹਿਰਾ ਤੀਸਰੀ ਵਾਰ ਬਣੇ ਵਿਧਾਇਕ

**ਭੁਲੱਥ/ਲੋਕ ਬਾਣੀ**

ਵਿਧਾਨ ਸਭਾ ਚੋਣਾ ਪੰਜਾਬ ਦੇ ਆਏ ਨਤੀਜਿਆਂ ਨੇ ਕਈ ਉਮੀਦਵਾਰਾਂ ਦੇ ਚਿਹਰਿਆਂ ਤੇ ਖ਼ੁਸ਼ੀ ਤੇ ਕਈਆਂ ਨੂੰ ਵੱਡੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਵਿੱਚ ਹੋਈ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਅਤੇ ਵੱਡੀਆਂ ਸਿਆਸੀ ਸ਼ਖਸੀਅਤਾਂ ਦੀ ਹਾਰ ਸਾਬਤ ਕਰਦੀ ਹੈ ਕਿ ਪੰਜਾਬ ਵਿੱਚ ਇਸ ਵਾਰ ਬਦਲ ਦੀ ਲਹਿਰ ਬੇਹੱਦ ਸੰਘਣੀ ਸੀ। ਗੱਲ ਹਲਕਾ ਭੁਲੱਥ ਦੀ ਕਰੀਏ ਤਾਂ ਇੱਥੇ ਸੁਖਪਾਲ ਸਿੰਘ ਖਹਿਰਾ ਕਾਂਗਰਸੀ ਉਮੀਦਵਾਰ ਬਾਕੀ ਉਮਦੀਵਾਰਾਂ ਤੋ 9225 ਵੋਟਾਂ ਦੇ ਅੰਕੜੇ ਨਾਲ ਹਲਕੇ ਤੋ ਜਿੱਤ ਹਾਸਲ ਕੀਤੀ ਹੈ। ਇੱਥੇ ਹਲਕੇ ਤੋ ਸ੍ਰੋਮਣੀ ਅਕਾਲੀ ਦਲ ਦੇ ਉਮਦੀਵਾਰ ਬੀਬੀ ਜਗੀਰ ਕੌਰ ਦੂਜੇ ਸਥਾਨ ਅਤੇ ਆਪ ਦੇ ਉਮੀਦਵਾਰ ਰਣਜੀਤ ਸਿੰਘ ਰਾਣਾ ਤੀਜੇ ਸਥਾਨ ਤੇ ਰਹੇ । ਇਸ ਤੋ ਇਲਾਵਾ ਹਲਕੇ ਤੋਂ ਖਾਸ ਇਹ ਦੇਖਣ ਨੂੰ ਮਿਲੀ ਕਿ ਸ਼੍ਰੋਮਣੀ ਅਕਾਲੀ ਦਲ (ਅਮ੍ਰਿਤਸਰ) ਦੇ ਉਮੀਦਵਾਰ ਰਜਿੰਦਰ ਸਿੰਘ ਫੋਜੀ ਨੂੰ ਹਲਕਾ ਭੁਲੱਥ ਤੋਂ 2017 ਵਿੱਚ ਕਰੀਬ ਵੋਟਾਂ 708 ਹਾਸਲ ਹੋਈਆਂ ਸਨ ਪ੍ਰਤੂੰ ਇਸ ਵਾਰ ਰਜਿੰਦਰ ਸਿੰਘ ਫੋਜੀ ਨੂੰ ਪਿਛਲੀ ਵਾਰ ਤੋ ਬਹੁ ਮਾਤਰਾ ਨਾਲ 7578 ਵੋਟਾਂ ਮਿਲੀਆਂ, ਹਲਕੇ ਵਿੱਚ ਚੋਥਾ ਸਥਾਨ ਤੇ ਪਹੁੰਚੇ ਹਨ।

## 50 ਸਾਲਾਂ ਬਾਅਦ ਪਿੰਡ ਕੈਲਾ ਦੇ ਢੋਸ ਪਰਿਵਾਰ ਚ ਆਈ ਸਿਆਸੀ ਖੁਸ਼ੀ !

**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ ਸਹੋਤਾ:-** ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੀ ਹੋਈ ਇਤਿਹਾਸਕ ਜਿੱਤ ਨੇ ਬੜੀਆਂ ਪੁਰਾਣੀਆਂ ਯਾਦਾਂ ਯਾਦ ਕਰਾ ਦਿੱਤੀਆਂ , ਕਿਉਂਕਿ ਆਮ ਆਦਮੀ ਪਾਰਟੀ ਨੇ ਨੌਜੁਵਾਨ ਚੇਹਰਾ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਹਲਕਾ ਧਰਮਕੋਟ ਤੋਂ ਉਮੀਦਵਾਰ ਉਤਾਰਿਆ, ਜਿਨ੍ਹਾਂ ਨੇ ਆਪਣੀ ਸਿਆਸਤ ਦੀ ਪ੍ਰੰਪਰਾ ਨੂੰ ਅੱਗੇ ਵਧਾਉਂਦਿਆਂ ਵੱਡੀ ਜਿੱਤ ਪ੍ਰਾਪਤ ਕੀਤੀ , ਜੋ ਹੁਣ ਤੱਕ ਹਲਕਾ ਧਰਮਕੋਟ ਦਾ ਇਤਿਹਾਸ ਰਚੇਗੀ। ਕਿਉਂਕਿ ਉਹਨ੍ਹਾਂ ਨੇ ਸਿਆਸਤ ਦੇ ਬੋਹੜ ਜਥੇਦਾਰ ਤੋਤਾ ਸਿੰਘ ਸਾਬਕਾ ਮੰਤਰੀ ਪੰਜਾਬ ਅਤੇ ਹਲਕੇ ਦੇ ਕਾਗਰਸ ਪਾਰਟੀ ਦੇ ਮੌਜੂਦਾ ਐਮ ਐਲ ਏ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੂੰ ਵੱਡੀ ਮਾਤ ਦਿੰਦਿਆਂ , ਕਰੀਬ 30 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾ ਕੇ 50 ਸਾਲਾਂ ਬਾਅਦ ਪਿੰਡ ਕੈਲਾ ਦੇ ਢੋਸ ਪਰਿਵਾਰ ਵਿਚ ਫਿਰ ਤੋਂ ਸਿਆਸੀ ਖੁਸ਼ੀ ਨੂੰ ਘਰ ਦੀਆਂ ਬਰੂਹਾਂ ਤੇ ਲਿਆਂਦਾ , ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇਸ ਤੋਂ 50 ਸਾਲ ਪਹਿਲਾਂ ਉਨ੍ਹਾਂ ਦੇ ਦਾਦਾ ਜੀ ਸ੍ਰ. ਕਿਰਪਾਲ ਸਿੰਘ ਨੇ ਸੰਨ 1972 ਵਿਚ ਪਿੰਡ ਦੇ ਸਰਪੰਚ ਬਣ ਕੇ ਦੋ ਵਾਰ ਪਿੰਡ ਦੀ ਸੇਵਾ ਕੀਤੀ। ਉਸ ਸਮੇਂ ਤੋਂ ਲੈ ਕੇ ਅੱਜ ਤਕ ਢੋਸ ਪਰਿਵਾਰ ਵੱਲੋਂ ਸਿਆਸੀ ਖੇਤਰ ਵਿੱਚ ਚਾਹੇ ਵੱਡੀਆਂ ਮੱਲਾਂ ਮਾਰੀਆਂ ਹੋਣ, ਪਰ ਹਲਕਾ ਧਰਮਕੋਟ ਵਿੱਚ ਕੋਈ ਵੱਡੀ ਜ਼ਿੰਮੇਵਾਰੀ ਨਹੀਂ ਨਿਭਾਈ ਗਈ , ਇਸ ਲਈ ਉਨ੍ਹਾਂ ਨੇ ਵੱਖ ਵੱਖ ਸਿਆਸੀ ਪਾਰਟੀ ਦੇ ਉਮੀਦਵਾਰਾਂ ਦੀ ਮਦਦ ਕਰ ਕੇ ਆਪਣਾ ਸਿਆਸੀ ਕੈਰੀਅਰ ਕਾਇਮ ਰੱਖਿਆ , ਜਿੱਥੇ ਢੋਸ ਪਰਿਵਾਰ ਨੇ ਕਾਂਗਰਸ ਪਾਰਟੀ ਵਿੱਚ ਆਪਣੀ ਵੱਡੀ ਜ਼ਿੰਮੇਵਾਰੀ ਨਿਭਾਈ ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਵਿੱਚ ਵੀ ਵੱਡੀ ਜ਼ਿੰਮੇਵਾਰੀ ਨਿਭਾਉਂਦਿਆਂ ਸਿਆਸਤ ਦੇ ਬੋਹੜ? ਸਰਦਾਰ ਪਰਕਾਸ਼ ਸਿੰਘ ਬਾਦਲ ਤੱਕ ਪਹੁੰਚ ਬਣਾਈ ਰੱਖੀ। ਜਿਸ ਕਰਕੇ ਉਨ੍ਹਾਂ ਦੇ ਪਰਿਵਾਰ ਦੇ ਹਰ ਮੈਂਬਰ ਵਿੱਚ ਸਿਆਸੀ ਰੰਗ ਚੜ੍ਹ ਗਿਆ , ਜਿਸ ਕਰਕੇ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਸਮੇਂ ਨੂੰ ਪਰਖਦਿਆਂ ਆਮ ਆਦਮੀ ਪਾਰਟੀ ਦੀਆਂ ਚੰਗੀਆਂ ਨੀਤੀਆਂ ਨੂੰ ਗ੍ਰਹਿਣ ਕਰਦਿਆਂ ਪਾਰਟੀ ਦਾ ਅੰਗ ਬਣ ਕੇ ਸਾਥ ਦਿੱਤਾ , ਤੇ ਆਪ ਨੇ ਵੱਡਾ ਵਿਸਵਾਸ਼ ਕਰਕੇ ਹਲਕਾ ਧਰਮਕੋਟ ਤੋਂ ਚੋਣ ਮੈਦਾਨ ਵਿਚ ਉਤਾਰਿਆ, ਜਿਸ ਦਾ ਨਤੀਜਾ 10 ਮਾਰਚ ਨੂੰ ਹਲਕਾ ਧਰਮਕੋਟ ਦੇ ਵੋਟਰਾਂ ਤੇ ਸਪੋਟਰਾਂ ਨੇ ਇਤਿਹਾਸਕ ਜਿੱਤ ਨਾਲ ਦਿੱਤਾ। ਜੋ ਕਿ ਸੂਬੇ ਦੇ ਲੋਕ ਪੰਜਾਬ ਚ ਬਦਲਾਅ ਲਿਆਉਣਾ ਚਾਹੁੰਦੇ ਸਨ ।



## ਡਾਕਟਰ ਨਛੱਤਰ ਪਾਲ ਬੀਐਸਪੀ ਜੇਤੂ ਕਰਾਰ ਹੋਣ ਤੋ ਬਾਅਦ ਪਾਰਟੀ ਵਰਕਰਾ ਨੇ ਮਨਾਈਆ ਖੁਸ਼ੀਆਂ : ਨਵਦੀਪ ਸਿੰਘ ਰਾਹੋ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਬਹੁਜਨ ਸਮਾਜ ਪਾਰਟੀ ਅਤੇ ਸ੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾਕਟਰ ਨਛੱਤਰ ਪਾਲ ਦੇ ਜਿੱਤਣ ਦੀ ਖੁਸੀ ਵਿੱਚ ਤਹਿਸੀਲ ਕੰਪਲੈਕਸ ਨਵਾਸਹਿਰ ਵਿਖੇ ਮਠਿਆਈ ਵੰਡਕੇ ਖਸੀ ਜਾਹਰ ਕੀਤੀ।ਉਨ੍ਹਾ ਪਾਰਟੀ ਵਰਕਰਾ ਅਤੇ ਵੋਟਰਾ ਦਾ ਧੰਨਵਾਦ ਕੀਤਾ ਗਿਆ।ਪਾਰਟੀ ਵਰਕਰਾ ਅਤੇ ਵੋਟਰਾ ਵਿੱਚ ਮਠਿਆਈ ਵੰਡਕੇ ਆਪਣੀ ਖੁਸੀ ਦਾ ਇਜਹਾਰ ਕੀਤਾ ਗਿਆ।ਨਵਦੀਪ ਸਿੰਘ ਰਾਹੋ ਨੇ ਕਿਹਾ ਕਿ ਡਾਕਟਰ ਨਛੱਤਰ ਪਾਲ ਇੱਕ ਆਮ ਇਨਸਾਨ ਹਨ।ਗਰੀਬ ਪਰਿਵਾਰਾ ਦੇ ਹਮਦਰਦ ਹਨ।ਉਨ੍ਹਾ



ਕਿਹਾ ਕਿ ਡਾਕਟਰ ਨਛੱਤਰਪਾਲ ਆਪਣੀ ਮਿਹਨਤ ਅਤੇ ਇਮਾਨਦਾਰੀ,ਤਨਦੇਹੀ ਨਾਲ ਕੰਮ ਕਰਨਗੇ।ਕਿਉਕਿ ਉਨ੍ਹਾ ਨੂੰ ਕਾਫੀ ਤਜਰਬਾ ਹੈ।ਇਲਾਕੇ ਵਿੱਚ ਹਰੇਕ ਵਿਆਕਤੀ ਦਾ ਸਨਮਾਨ ਕਰਨਾ,ਲੋਕਾ ਦੇ ਕੰਮ ਪਹਿਲ ਦੇ ਅਧਾਰ ਤੇ ਕਰਾਉਣਾ,ਭ੍ਰਿਸ਼ਟਾਚਾਰ ਦੇ ਖਿਲਾਫ ਲੜਨਾ ਉਨ੍ਹਾ ਦਾ ਮੁੱਖ ਮੰਤਵ ਹੈ।ਹਰੇਕ ਮਜਬੂਰ ਵਿਆਕਤੀ ਦੀ ਅਵਾਜ ਸਰਕਾਰ ਤੱਕ ਪਹੁੰਚਣਾ ਅਤੇ ਹੱਲ ਕਰਾਉਣਾ ਉਨ੍ਹਾ ਦੀ ਪਹਿਲ ਕਦਮੀ ਹੋਵੇਗੀ।ਇਸ ਮੋਕੇ ਅਸ਼ੋਕ ਕੁਮਾਰ,ਸੁੱਖਵਿੰਦਰ ਸਿੰਘ,ਜਤਿੰਦਰ ਕੁਮਾਰ,ਆਰ ਡੀ ਪਾਲ ਐਡਵੋਕੇਟ,ਹਰਵਿੰਦਰ ਸਿੰਘ ਤੋ ਇਲਾਵਾ ਹੋਰ ਕਾਫੀ ਵਿਆਕਤੀ ਮੋਜੂਦ ਸਨ।



ਵਿਧਾਨ ਸਭਾ ਹਲਕਾ ਖੇਮਕਰਨ ਦੇ ਆਮ ਆਦਮੀ ਪਾਰਟੀ ਦੇ ਵਰਕਰ ਆਪਣੇ ਮਹਿਬੂਬ ਨੇਤਾ ਸਰਵਨ ਸਿੰਘ ਧੁੰਨ ਦੀ ਜਿੱਤ ਨੂੰ ਲਾਈਵ ਦੇਖਕੇ ਜਿੱਤ ਦਾ ਨਿਸ਼ਾਨ ਬਣਾ ਕੇ ਖੁਸ਼ੀ ਦਾ ਇਜਹਾਰ ਕਰਦੇ ਹੋਏ ਗੌਰਵ ਬੇਂਬੀ ਖਾਲੜਾ ,ਰਾਹੁਲ ਅਰੋੜਾ ਸਾਜਨ ਖਾਲੜਾ ,ਡਿਪਟੀ ਅਰੋੜਾ ਅਤੇ ਸਾਥੀ । ਫੋਟੋ:- ਨੀਟੂ ਅਰੋੜਾ, ਜਗਤਾਰ ਸਿੰਘ

# ਰੀਅਲਮੀ ਨੇ ਰੀਅਲਮੀ 9 ਸੀਰੀਜ ’ਚ ਦੋ ਨਵੇਂ ਐਡਿਸ਼ਨ- ਰੀਅਲਮੀ 9 5ਜੀ ਅਤੇ ਰੀਅਲਮੀ 9 5ਜੀ ਸਪੀਡ ਐਡਿਸ਼ਨ ਅਤੇ ਰੀਅਲਮੀ ਟੇਕਲਾਈਫ ਬਡਸ ਐਨ100 ਅਤੇ ਰੀਅਲਮੀ ਟੇਕਲਾਈਫ ਵਾਚ ਐਸ100 ਪੇਸ਼ ਕੀਤੇ









**ਚੰਡੀਗੜ੍ਹ/ਲੋਕ ਬਾਣੀ**

ਦੁਨੀਆਂ ਦੇ ਸਭ ਤੋਂ ਤੇਜੀ ਨਾਲ ਵਧਦੇ ਹੋਏ ਸਮਾਰਟਫੋਨ ਬ੍ਰਾਂਡ ਅਤੇ 5ਜੀ ਇਨੇਬਲਡ ਸਮਾਰਟਫੋਨ ਲਾਂਚ ਕਰਨ ਵਾਲੇ ਭਾਰਤ ਦੇ ਪਹਿਲੇ ਬ੍ਰਾਂਡ, ਰੀਅਲਮੀ ਨੇ ਅੱਜ ਆਪਣੀ ਨੰਬਰ ਸੀਰੀਜ ’ਚ ਨਵੇਂ ਉਤਪਾਦ ਰੀਅਲਮੀ 9 5ਜੀ ਸੀਰੀਜ ਦੇ ਨਾਲ ਰੀਅਲਮੀ ਟੇਕਲਾਈਫ ਬਡਸ ਐਨ100 ਅਤੇ ਰੀਅਲਮੀ ਟੇਕਲਾਈਫ ਵਾਚ ਐਸ100 ਪੇਸ਼ ਕੀਤੇ ਹਨ । ਦੋ ਸਮਾਰਟਫੋਨ, ਰੀਅਲਮੀ 9 5ਜੀ ਅਤੇ ਰੀਅਲਮੀ 9 5ਜੀ ਸਪੀਡ ਐਡਿਸ਼ਨ ਦੇ ਨਾਲ ਰੀਅਲਮੀ 9 5ਜੀ ਸੀਰੀਜ ਮੋਹਰੀ 5ਜੀ ਪ੍ਰੋਸੈਸਰ ਦੇ ਨਾਲ ਯੂਜਰ ਅਨੁਭਵ ਨੂੰ ਬਿਹਤਰ ਬਣਾ ਦੇਵੇਗੀ ਅਤੇ ਲੇਟੇਸਟ ਟੈਕਨੋਲਾਜੀਕਲ ਟਰੈਂਡਸ ਦੇ ਨਾਲ ਟ੍ਰੈਂਡਸੈਟਿੰਗ ਲਾਈਫਸਟਾਈਲ ਪੇਸ਼ ਕਰਨ ਦੀ ਰੀਅਲਮੀ ਦੀ ਵਚਨਬੱਧਤਾ ਨੂੰ ਮਜਬੂਤ ਕਰੇਗੀ ।

ਇਸ ਲਾਂਚ ਦੇ ਬਾਰੇ ’ਚ ਸ੍ਰੀ ਮਾਧਵ ਸੇਠ, ਸੀਈਓ ਰੀਅਲਮੀ ਇੰਡੀਆ, ਵੀਪੀ, ਰੀਅਲਮੀ ਅਤੇ ਪ੍ਰੈਜੀਡੈਂਟ, ਰੀਅਲਮੀ ਇੰਟਰਨੈਸ਼ਨਲ ਬਿਜਨਸ ਗਰੁੱਪ ਨੇ ਕਿਹਾ, @ਰੀਅਲਮੀ ਦੇ ਲਈ ਭਾਰਤ ਸਭ ਤੋਂ ਜਿਆਦਾ ਪ੍ਰਾਥਮਿਕਤਾ ਵਾਲਾ ਬਜਾਰ ਹੈ ਅੇਤ ਸਾਨੂੰ ਆਪਣੀ ਨੰਬਰ ਸੀਰੀਜ ਦੇ ਲਈ ਆਪਣੇ ਫੈਨਸ ਕੋਲੋਂ ਭਰਵਾਂ ਹੁੰਗਾਰਾ ਅਤੇ ਪਿਆਰ ਮਿਲਿਆ ਹੈ । ਅਤਿਅਧੁਨਿਕ ਅਤੇ ਉਦਯੋਗ ਦੇ ਮੋਹਰੀ ਉਤਪਾਦ ਪ੍ਰਦਾਨ ਕਰਨ ਦੀ ਰੀਅਲਮੀ ਦੀ ਵਚਨਬੱਧਤਾ ਰੀਅਲਮੀ 9 5ਜੀ ਅਤੇ ਰੀਅਲਮੀ 9 5ਜੀ ਸਪੀਡ ਐਡਿਸ਼ਨ ਦੇ ਲਾਂਚ ਨਾਲ ਪ੍ਰਦਰਸ਼ਿਤ ਹੁੰਦੀ ਹੈ । ਉਦਯੋਗ ’ਚ 5ਜੀ ਲੀਡਰ ਦੇ ਰੂਪ ’ਚ ਰੀਅਲਮੀ ਨੇ ਹਮੇਸ਼ਾ ਆਪਣੇ ਗ੍ਰਾਹਕਾਂ ਨੂੰ ਬਿਹਤਰੀਨ 5ਜੀ ਅਨੁਭਵ ਅਤੇ ਸ਼੍ਰੇਣੀ ਦੀਆਂ ਟਾਪ ਖਾਸੀਅਤਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ । ਰੀਅਲਮੀ 9 5ਜੀ ਅਤੇ ਰੀਅਲਮੀ 9 5ਜੀ ਸਪੀਡ ਐਡਿਸ਼ਨ ਦੇ ਨਾਲ ਅਸੀਂ ਆਪਣੇ ਯੂਜਰਸ ਨੂੰ ਬਿਹਤਰੀਨ ਪ੍ਰੋਸੈਸਰ ਅਤੇ ਅਤਿਅਧੁਨਿਕ ਟੈਕਨੋਲਾਜੀ ਪ੍ਰਦਾਨ ਕਰ ਰਹੇ ਹਾਂ । ਅਸੀਂ ਦੋ ਸਾਲਾਂ ਨਾਲੋਂ ਜਿਆਦਾ ਸਮੇਂ ਤੋਂ ਆਪਣਾ ਟੇਕਲਾਈਫ ਈਕੋਸਿਸਟਮ ਵਿਕਸਿਤ ਕਰ ਰਹੇ ਹਾਂ ਅਤੇ ਸਾਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਸੀਂ ਰੀਅਲਮੀ ਟੇਕਲਾਈਫ ਬਡਸ ਐਨ100 ਅਤੇ ਰੀਅਲਮੀ ਟੇਕਲਾਈਫ ਵਾਚ ਐਸ100 ਦੇ ਨਾਲ ਆਪਣੇ ਏਆਈਓਟੀ ਉਤਪਾਦਾਂ ਦਾ ਵਿਸਥਾਰ ਕਰ ਰਹੇ ਹਾਂ ਅਤੇ ਗ੍ਰਾਹਕਾਂ ਨੂੰ ਟਰੈਂਡਸੈਟਿੰਗ ਉਤਪਾਦ ਉਪਲਬਧ ਕਰਵਾ ਕੇ ਟੈਕਨੋਲਾਜੀ ਦੀ ਮਦਦ ਨਾਲ ਯਾਦਗਾਰ ਸਮਾਰਟ ਲਿਵਿੰਗ ਪ੍ਰਾਪਤ ਕਰਨ ’ਚ ਮਦਦ ਕਰ ਰਹੇ ਹਾਂ ।@

ਰੀਅਲਮੀ 9 5ਜੀ ਸੈਗਮੈਂਟ ’ਚ ਸਭ ਤੋਂ ਤੇਜ ਇੰਟਰੀ ਲੇਵਲ ਦਾ 5ਜੀ ਫੋਨ ਹੈ, ਜਿਸ ’ਚ ਮੀਡੀਆਟੇਕ ਡਾਯਮੈਂਸਿਟੀ 810 5ਜੀ ਪ੍ਰੋਸੈਸਰ ਹੈ, ਜਿਹੜਾ ਸੈਗਮੈਂਟ ਦਾ ਸਭ ਤੋਂ ਤੇਜ 5ਜੀ ਪ੍ਰੋਸੈਸਰ ਹੈ । ਇਹ 5ਜੀ ਡਿਊਲ ਸਿਮ ਡਿਊਲ ਸਟੈਂਡਬਾਯ ਨੂੰ ਸਪੋਰਟ ਕਰਦਾ ਹੈ । ਇਸਦੇ ਪ੍ਰੋਸੈਸਰ ’ਚ ਸੈਗਮੈਂਟ ਦੀ ਸਭ ਤੋਂ ਤੇਜ ਸੀਪੀਯੂ ਕਲਾਕ ਸਪੀਡ ਹੈ, ਜਿਹੜਾ 2.4 ਗੀਗਾਹਰਟਜ ਦੀ ਸਪੀਡ ਨਾਲ ਕੰਮ ਕਰਦਾ ਹੈ । ਰੀਅਲਮੀ 9 5ਜੀ ’ਚ ਰਿਪਲ ਹੋਲੋਗ੍ਰਾਫਿਕ ਡਿਜਾਇਨ ਹੈ ਅਤੇ ਇਸਦਾ ਭਾਰ 188 ਗ੍ਰਾਮ ਹੈ । ਇਸ ਲਈ ਇਹ ਇਸ ਸੈਗਮੈਂਟ ’ਚ ਸਭ ਤੋਂ ਥਿਨ ਸਮਾਰਟਫੋਨਸ @ਚੋਂ ਇੱਕ ਹੈ । 8.5 ਮਿਮੀ. ਦੇ ਬਹੁਤ ਜਿਆਦਾ ਸਲਿਮ ਡਿਜਾਇਨ ਦੇ ਨਾਲ ਇਹ ਸਭ ਤੋਂ ਥਿਨ ਸਮਾਰਟਫੋਨਸ @ਚੋਂ ਇੱਕ ਹੈ ਅਤੇ ਬਿਹਤਰੀਨ ਇਨ-ਹੈਂਡ ਫੀਲ ਪ੍ਰਦਾਨ ਕਰਦਾ ਹੈ । ਇਸਦੇ ਕੈਮਰਾ ਮਾਡਯੂਲ ’ਚ 48 ਮੈਗਾਪਿਕਸਲ ਹਾਈ ਰਿਜੋਲਿਊਸ਼ਨ ਦਾ ਪ੍ਰਾਈਮਰੀ ਕੈਮਰਾ, ਪ੍ਰੋਫੈਸ਼ਨਲ ਪੋਰਟਰੇਟ ਮੋਡ ਦੇ ਲਈ 2 ਮੈਗਾਪਿਕਸਲ ਬਲੈਕਐਂਡਵਹਾਈਟ ਪੋਰਟਰੇਟ ਲੈਂਸ ਅਤੇ 2 ਮੈਗਾਪਿਕਸਲ ਦਾ ਮੈਕਰੋ ਲੈਂਸ ਦੇ ਨਾਲ ਹੋਰ ਟਰੈਂਡੀ ਫੋਟੋਗ੍ਰਾਫੀ ਫੰਕਸ਼ੰਜ ਹਨ । ਇਸਦੇ ਇਲਾਵਾ ਇਸ ’ਚ 16 ਮੈਗਾਪਿਕਸਲ ਦਾ ਅਲਟਰਾ ਕਲੀਅਰ ਫਰੰਟ ਕੈਮਰਾ ਹੈ, ਜਿਹੜਾ ਯੂਜਰਸ ਨੂੰ ਸ਼ਾਰਪ ਸੈਲਫੀ ਪ੍ਰਦਾਨ ਕਰਦਾ ਹੈ । ਇਸ ’ਚ 5000 ਐਮਏਐਚ ਦੀ ਸ਼ਕਤੀਸ਼ਾਲੀ ਬੈਟਰੀ ਹੈ, ਜਿਹੜੀ 18 ਵਾਟ ਡਾਰਟ ਚਾਰਜ ਨੂੰ ਸਪੋਰਟ ਕਰਦੀ ਹੈ । ਇਸ ਲਈ ਰੀਅਲਮੀ 9 5ਜੀ ਸਿਫਰ 15 ਮਿੰਟ ’ਚ 50 ਪ੍ਰਤੀਸ਼ਤ ਤੱਕ ਚਾਰਜ ਹੋ ਜਾਂਦਾ ਹੈ । ਐਪ ਦੀ ਰਿਸਪਾਂਸਿਵਨੈਸ ਵਧਾਉਣ ਦੇ ਲਈ ਰੀਅਲਮੀ 9 5ਜੀ ’ਚ 5ਜੀਬੀ ਤੱਕ ਦਾ ਡਾਯਨਾਮਿਕ ਰੈਮ ਐਕਸਪੈਂਸ਼ਨ (ਡੀਆਰਈ) ਹੈ, ਤਾਂ ਕਿ ਯੂਜਰਸ ਵਿਭਿੰਨ ਐਪਸ ਦੇ ਵਿਚਕਾਰ ਅਸਾਨੀ ਨਾਲ ਸਵਿੱਚ ਕਰ ਸਕਣ । ਰੀਅਲਮੀ 9 5ਜੀ ਦੋ ਰੰਗਾਂ ਸਟਾਰਗੇਜ ਵਹਾਈਟ ਅਤੇ ਮੀਟੀਯਰ ਬਲੈਕ ’ਚ ਅਤੇ ਦੋ ਸਟੋਰੇਜ ਮਾਡਲਾਂ ’ਚ 14,999 ਰੁਪਏ (4ਜੀਬੀ+64ਜੀਬੀ) ਅਤੇ 17,499 ਰੁਪਏ (6ਜੀਬੀ+128ਜੀਬੀ) ’ਚ ਆਉਂਦਾ ਹੈ । ਇਸਦੀ ਪਹਿਲੀ ਸੇਲ 14 ਮਾਰਚ, ਦੁਪਿਹਰ 12 ਵਜੇ ਤੋਂ ਰੀਅਲਮੀ.ਕਾਮ, ਫਲਿੱਪਕਾਰਟ.ਕਾਮ ਅਤੇ ਮੇਨਲਾਈਨ ਚੈਨਲਾਂ @ਤੇ ਸ਼ੁਰੂ ਹੋਵੇਗੀ । ਰੀਅਲਮੀ 9 5ਜੀ ਸਪੀਡ ਐਡਿਸ਼ਨ ਸੈਗਮੈਂਟ ’ਚ ਸਭ ਤੋਂ ਤੇਜ 5ਜੀ ਮਿਡ-ਰੇਂਜਰ ਹੈ ਜਿਹੜਾ ਸਨੈਪਡਰੈਗਨ 778ਜੀ 5ਜੀ ਪ੍ਰੋਸੈਸਰ ਵੱਲੋਂ ਪਾਵਰਡ ਹੈ । ਇਹ ਸੈਗਮੈਂਟ ਦਾ ਸਭ ਤੋਂ ਤੇਜ 5ਜੀ ਪ੍ਰੋਸੈਸਰ ਹੈ । ਇਸ ’ਚ ਐਡਵਾਂਸਡ 6ਐਨਐਮ ਪ੍ਰੋਸੈਸਰ ਦੀ ਵਰਤੋਂ ਹੋਈ ਹੈ ਅਤੇ ਇਸ ’ਚ 6.6@@ 144 ਹਰਟਜ ਅਲਟਰਾ ਸਮੂਥ ਫੁੱਲ ਐਚਡੀ ਡਿਸਪਲੇ ਅਤੇ ਸਟਾਰਲਾਈਟ ਡਿਜਾਇਨ ਹੈ, ਜਿਸ ਨਾਲ ਧੁੱਪ ’ਚ ਸਮਾਰਟਫੋਨ ਦਾ ਬੈਕ ਤਾਰਿਆਂ ਦਾ ਭਰਿਆ ਅਸਮਾਨ ਦਿਖਾਈ ਦਿੰਦਾ ਹੈ । ਰੀਅਲਮੀ 9 5ਜੀ ਸਪੀਡ ਐਡਿਸ਼ਨ ’ਚ 48 ਮੈਗਾਪਿਕਸਲ ਦਾ ਟ੍ਰਿ?ਪਲ ਨਾਈਟਸਕੇਪ ਕੈਮਰਾ ਸੈਟਅਪ ਅਤੇ 5ਜੀਬੀ ਤੱਕ ਦੀ ਡੀਆਰਈ ਹੈ । ਇਸ ’ਚ 30 ਵਾਟ ਡਾਰਟ ਚਾਰਜ ਦੇ ਨਾਲ 5000 ਐਮਏਐਚ ਦੀ ਬੈਟਰੀ ਹੈ । ਇਹ ਸਮਾਰਟਫੋਨ ਦੋ ਸਟੋਰੇਜ ਮਾਡਲਾਂ ’ਚ 19,999 ਰੁਪਏ (6ਜੀਬੀ+128ਜੀਬੀ) ਅਤੇ 22,999 ਰੁਪਏ (8ਜੀਬੀ+128ਜੀਬੀ) ’ਚ ਆਉਂਦਾ ਹ । ਇਹ ਦੋ ਆਕਰਸ਼ਕ ਰੰਗਾਂ ਸਟੈਰੀ ਗਲੋ ਅਤੇ ਅਜਯੋਰ ਗਲੋ ’ਚ ਉਪਲਬਧ ਹੈ । ਸਮਾਰਟਫੋਨ ਦੀ ਪਹਿਲੀ ਸੇਲ 14 ਮਾਰਚ, ਦੁਪਿਹਰ 12 ਵਜੇ ਤੋਂ ਰੀਅਲਮੀ.ਕਾਮ, ਫਲਿੱਪਕਾਰਟ.ਕਾਮ ਅਤੇ ਮੇਨਲਾਈਨ ਚੈਨਲਾਂ @ਤੇ ਸ਼ੁਰੂ ਹੋਵੇਗੀ ।

# ਖੰਨਾ ਤੋਂ ਆਪ ਦੇ ਤਰੁਨਪ੍ਰੀਤ ਸਿੰਘ ਸੌਂਦ 62,425 ਵੋਟਾਂ ਨਾਲ ਜੇਤੂ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**



ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਚੱਲੀ ਆਮ ਆਦਮੀ ਪਾਰਟੀ ਦੀ ਹਨ੍ਹੇਰੀ ਨਾਲ਼ ਖੰਨਾ ਤੋਂ ਆਪ ਦੇ ਤਰੁਨਪ੍ਰੀਤ ਸਿੰਘ ਸੌਂਦ 62,425 ਵੋਟਾਂ ਨਾਲ ਭਾਰੀ ਗਿਣਤੀ ਵਿੱਚ ਜੇਤੂ ਆਪ ?ਣੇ ਚਹੇਤੇ ਉਮੀਦਵਾਰ ਦੀ ਰਿਕਾਰਡ ਤੋੜ ਜਿੱਤ ਤੇ ਭੰਗੜੇ ਪਾ ਰਹੇ ਜਗ੍ਹਾ ਜਗ੍ਹਾ ਤੇ ਲੋਕ ਹੱਥਾਂ ਵਿੱਚ ਫੁੱਲਾਂ ਦੇ ਹਾਰ ਨਾਲ ਸਵਾਗਤ ਕਰਨ ਲਈ ਖੜੇ ਅਤੇ ਤਰੁਨਪ੍ਰੀਤ ਸਿੰਘ ਸੌਂਦ ਨੇ ਕੇਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਹਰਾਇਆ ਜਿਨ੍ਹਾਂ ਨੂੰ 20,305 ਵੋਟਾਂ ਮਿਲਿਆ ਅਤੇ ਉਹ ਤੀਜੇ ਨੰਬਰ ਤੇ ਰਹੇ ਅਤੇ ਦੂਸਰੇ ਨੰਬਰ ਤੇ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗਠਬੰਧਨ ਦੀ ਉਮੀਦਵਾਰ ਜਸਦੀਪ ਕੌਰ ਯਾਦੂ 26,805ਵੋਟਾਂ ਮਿਲਿਆ ਜੋ ਦੂਸਰੇ ਨੰਬਰ ਤੇ ਰਹੇ ਇਸ ਤਰ੍ਹਾਂ ਅਕਾਲੀ ਦਲ ਮਾਨ ਦੇ ਉਮੀਦਵਾਰ ਪਰਮਜੀਤ ਸਿੰਘ ਰਿੰਕਾ ਨੂੰ 3,936 ਵੋਟਾਂ ਅਤੇ ਸੰਯੁਕਤ ਸਮਾਜ ਮੋਰਚਾ ਦੇ ਉਮੀਦਵਾਰ ਸੁਖਵੰਤ ਸਿੰਘ ਟਿੱਲੂ ਨੂੰ 732ਵੋਟਾਂ ਰਾਜ ਕੁਮਾਰ ਆਜ਼ਾਦ ਉਮੀਦਵਾਰ ਨੂੰ 302 ਅਤੇ ਪਰਮਜੀਤ ਸਿੰਘ ਨੂੰ 247 ਵੋਟਾਂ ਅਤੇ ਕਰਨੈਲ ਸਿੰਘ ਇਕੋਲਾਹਾ ਨੂੰ 165 ਵੋਟਾਂ ਮਿਲਿਆ।

# ਰਾਏਕੋਟ ਤੋਂ ਆਪ ਉਮੀਦਵਾਰ ਹਾਕਮ ਸਿੰਘ ਠੇਕੇਦਾਰ 27644 ਵੋਟਾਂ ਦੇ ਫ਼ਰਕ ਨਾਲ ਜੇਤੂ



**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਪੰਜਾਬ ਵਿਧਾਨ ਸਭਾ ਹਲਕਾ ਰਾਏਕੋਟ ਦੇ ਐਲਾਨੇ ਨਤੀਜੇ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਾਕਮ ਸਿੰਘ ਠੇਕੇਦਾਰ ਨੇ ਕਾਂਗਰਸ ਦੇ ਉਮੀਦਵਾਰ ਕਾਮਿਲ ਅਮਰ ਸਿੰਘ ਨੂੰ ਵੱਡੇ ਫਰਕ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ ਹੈ। ਇਸ ਹਲਕੇ ਤੋਂ 10 ਉਮੀਦਵਾਰ ਮੈਦਾਨ ਵਿਚ ਸਨ। ਜ਼ਿਕਰਯੋਗ ਹੈ ਕਿ ਕਾਂਗਰਸੀ ਉਮੀਦਵਾਰ ਕਾਮਿਲ ਦੇ ਪਿਤਾ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਦੇ ਮੈਂਬਰ ਹਨ। ਹਾਕਮ ਸਿੰਘ ਠੇਕੇਦਾਰ ਨੂੰ 63659 ਵੋਟਾਂ ਪ੍ਰਾਪਤ ਹੋਈਆਂ, ਜਦੋਂ ਕਿ ਕਾਂਗਰਸ ਦੇ ਕਾਮਿਲ ਅਮਰ ਸਿੰਘ ਨੂੰ 36015 ਵੋਟਾਂ ਮਿਲੀਆਂ, ਇਸ ਤਰ੍ਹਾਂ ਹਾਕਮ ਸਿੰਘ 27644 ਵੋਟਾਂ ਦੇ ਫਰਕ ਨਾਲ ਜੇਤੂ ਰਹੇ। ਬਸਪਾ ਦੇ ਬਲਵਿੰਦਰ ਸਿੰਘ ਸੰਧੂ ਨੂੰ ਮਹਿਜ 8381 ਵੋਟਾਂ ਮਿਲੀਆਂ। ਚੌਥੇ ਨੰਬਰ ’ਤੇ ਰਹੇ ਡਾ. ਜਗਤਾਰ ਸਿੰਘ ਨੂੰ 1514 ਵੋਟਾਂ ਪ੍ਰਾਪਤ ਹੋਈਆਂ ਤੇ ਪੰਜਵੇਂ ਨੰਬਰ ’ਤੇ ਰਹੇ ਭਾਜਪਾ ਗੱਠਜੋੜ ਦੇ ਸ੍ਰੋਮਣੀ ਅਕਾਲੀ ਦਲ (ਸੰਯੁਕਤ ) ਦੇ ਉਮੀਦਵਾਰ ਗੁਰਪਾਲ ਸਿੰਘ ਗੋਲਡੀ ਨੂੰ 1276 ਵੋਟਾਂ ਹੀ ਨਸੀਬ ਹੋਈਆਂ। ਜੇਤੂ ਰਹੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਾਕਮ ਸਿੰਘ ਠੇਕੇਦਾਰ ਨੂੰ ਹਲਕੇ ਦੀਆਂ 56.04 ਪ੍ਰਤੀਸ਼ਤ ਵੋਟਾਂ ਹਾਸਲ ਹੋਈਆਂ ਜਦੋ ਕਿ ਕਾਂਗਰਸ ਦੇ ਕਾਮਿਲ ਅਮਰ ਸਿੰਘ ਨੂੰ 31.7 ਪ੍ਰਤੀਸ਼ਤ ਵੋਟ ਮਿਲੀ। ਚੋਣ ਜਿੱਤਣ ਉਪਰੰਤ ਆਪ ਸਮਰਥਕ ਖੁਸ਼ੀ ਵਿੱਚ ਸ਼ਹਿਰ ਤੇ ਲਾਗਲੇ ਪਿੰਡਾਂ ’ਚ ਜੇਤੂ ਜਲੂਸ ਕੱਢਦੇ ਰਹੇ ਅਤੇ ਸਮਰਥਕਾਂ ਵੱਲੋਂ ਲੱਡੂ ਵੰਡੇ ਗਏ ਤੇ ਭੰਗਡੇ ਪਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਜੇਤੂ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਪੂਰੇ ਹਲਕੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਮੇਰੀ ਨਹੀਂ ਬਲਕਿ ਹਲਕੇ ਦੇ ਸਾਰੇ ਲੋਕਾਂ ਦੀ ਹੈ। ਇਸ ਸਮੇਂ ਗੁਰਦੇਵ ਸਿੰਘ ਬਾਵਾ, ਪ੍ਰਧਾਨ ਬਲੌਰ ਸਿੰਘ ਮੁੱਲਾਂਪੁਰ, ਰਾਮ ਕੁਮਾਰ ਛਾਪਾ, ਵਿਪਨ ਡਾਬਰ, ਸ਼ਾਹਿਲ ਗੋਇਲ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਪਰਮਿੰਦਰ ਸਿੰਘ, ਬਰਿੰਦਰਜੀਤ ਗਿੱਲ, ਰਾਜਵੀਰ ਸਿੰਘ ਆਂਡਲੂ, ਬਲਵੰਤ ਸਿੰਘ ਜੰਟਾਂ, ਭੋਲਾ ਰਾਜਗੜ੍ਹ, ਗੁਰਪ੍ਰੀਤ ਸਿੰਘ, ਜਗਰੂਪ ਸਿੰਘ ਧਾਲੀਵਾਲ, ਹਰਿੰਦਰ ਸਿੰਘ ਰਾਏਕੋਟ, ਰਵਿੰਦਰ ਰਵੀ, ਮਨਸਾਂ ਖਾਨ, ਦਵਿੰਦਰ ਗਿੱਲ, ਗੁਰਦੀਪ ਸਿੰਘ ਆਦਿ ਹਾਜ਼ਰ ਸਨ।

ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com /

# ਵਿਧਾਨ ਸਭਾ ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਹੋਈ ਇਤਿਹਾਸਕ ਜਿੱਤ



**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਵਿਧਾਨ ਸਭਾ ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਪੰਥਕ ਹਲਕੇ ਤੋਂ 64902 ਵੋਟਾਂ ਹਾਸਲ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੂੰ 29602 ਵੋਟਾਂ ਦੀ ਲੀਡ ਨਾਲ ਹਰਾ ਕੇ ਜੇਤੂ ਰਹੇ, ਜਦ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਜਥੇਦਾਰ ਤੋਤਾ ਸਿੰਘ 30351 ਵੋਟਾਂ ਲੈ ਕੇ ਤੀਸਰੇ ਸਥਾਨ ਤੇ ਰਹੇ, ਜ਼ਿਕਰਯੋਗ ਹੈ ਕਿ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਜਿੱਤ ਉਪਰੰਤ ਹਲਕੇ ਦੇ ਵੋਟਰਾਂ ਅਤੇ ਆਮ ਆਦਮੀ ਪਾਰਟੀ ਦੇ ਸਪੋਟਰਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਜਗ੍ਹਾ ਜਗ੍ਹਾ ਉਪਰ ਸਮਰਥਕਾਂ ਵੱਲੋਂ ਲੱਡੂ ਵੰਡੇ ਜਾ ਰਹੇ ਹਨ ਅਤੇ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਘਰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ, ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਹਲਕੇ ਦੇ ਵੋਟਰਾਂ ਅਤੇ ਸਪੋਟਰਾਂ ਦਾ ਧੰਨਵਾਦ ਕੀਤਾ, ਜ਼ਿਕਰਯੋਗ ਹੈ ਕਿ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਇਤਿਹਾਸਕ ਜਿੱਤ ਲਈ ਮੁਖੀਜਾ ਪਰਿਵਾਰ ਦਾ ਅਹਿਮ ਯੋਗਦਾਨ ਰਿਹਾ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਜਿੱਤ ਦੀ ਖ਼ੁਸ਼ੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਪਿੰਡ ਪਿੰਡ ਲੱਡੂ ਵੰਡੇ ਗਏ ਅਤੇ ਪਟਾਕੇ ਚਲਾਏ ਗਏ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਜਿੱਤ ਦੀ ਖ਼ੁਸ਼ੀ ਵਿਚ ਧਰਮਕੋਟ ਸ਼ਹਿਰ ਵਿੱਚ ਵੀ ਜਿੱਥੇ ਥਾਂ ਥਾਂ ਲੱਡੂ ਵੰਡੇ ਗਏ ਉੱਥੇ ਹੀ ਦਵਿੰਦਰ ਛਾਬੜਾ ਰਾਜਨ ਛਾਬੜਾ ਸਾਜਨ ਛਾਬੜ ?ਾ ਅਤੇ ਸਮੂਹ ਯੂਥ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਲੱਡੂ ਵੰਡੇ ਗਏ ਅਤੇ ਜਿੱਤ ਦੇ ਜਸ਼ਨ ਮਨਾਏ ਗਏ।



# ਇਤਿਹਾਸ ਲੜੀ ਨੰਬਰ -1

## ਇਤਿਹਾਸ ਬਾਰੇ ਜਾਣਕਾਰੀ (ਤਿਆਰ ਕਰਤਾ ਗਗਨਦੀਪ ਕੌਰ ਧਾਲੀਵਾਲ )



ਪ੍ਰਸ਼ਨ-1. ਜਿਸ ਕਾਲ ਬਾਰੇ ਸਾਨੂੰ ਲਿਖਤੀ ਰੂਪ ਵਿੱਚ ਪ੍ਰਮਾਣ ਨਹੀਂ ਮਿਲਦੇ ਉਸਨੂੰ ਕਿਹੜਾ ਕਾਲ ਕਿਹਾ ਜਾਂਦਾ ਹੈ ?

(ੳ) ਆਦਿ ਇਤਿਹਾਸ ਕਾਲ (ਅ) ਪਰੋਗ ਇਤਿਹਾਸ ਕਾਲ (ੲ) ਇਤਿਹਾਸ (ਸ) ਉਪਰੋਕਤ ਸਾਰੇ

ਪ੍ਰਸ਼ਨ-2. ਇਤਿਹਾਸ ਦਾ ਪਿਤਾਮਾ ਕਿਸਨੂੰ ਕਿਹਾ ਜਾਂਦਾ ਹੈ ?

(ੳ) ਅਰਸਤੂ (ਅ) ਮੈਗਸਥਨੀਜ (ੲ) ਕਨਿੰਘਮ (ਸ) ਹੈਰੋਡੋਟਸ

ਪ੍ਰਸ਼ਨ-3. ਵੈਦਿਕ ਕਾਲ ਵਿੱਚ ਭਾਰਤ ਨੂੰ ਕਿਸ ਨਾਮ ਨਾਲ ਜਾਣਿਆਂ ਜਾਂਦਾ ਸੀ ?

(ੳ) ਇੰਡਸ (ਅ) ਹੋਡੂ (ੲ) ਆਰੀਆਵਰਤ (ਸ) ਭਾਰਤਵਰਸ਼

ਪ੍ਰਸ਼ਨ -4.ਮੱਧਕਾਲ ਵਿੱਚ ਭਾਰਤ ਨੂੰ ਕਿਸ ਨਾਮ ਨਾਲ ਜਾਣਿਆਂ ਜਾਂਦਾ ਸੀ ?

(ੳ)ਹਿੰਦੁਸਤਾਨ (ਅ) ਹੋਡੂ (ੲ) ਆਰੀਆਵਰਤ (ਸ) ਭਾਰਤਵਰਸ਼

ਪ੍ਰਸ਼ਨ-5. ਈਰਾਨੀਆਂ ਨੇ ਭਾਰਤ ਨੂੰ ਕੀ ਨਾਮ ਦਿੱਤਾ ਸੀ ?

(ੳ) ਇੰਡਸ (ਅ) ਹੋਡੂ (ੲ) ਹਿੰਦੂ (ਸ) ਭਾਰਤਵਰਸ਼

ਪ੍ਰਸ਼ਨ -6.ਅੰਗਰੇਜਾਂ ਤੇ ਯੂਰਪੀਅਨਾਂ ਨੇ ਭਾਰਤ ਨੂੰ ਕੀ ਨਾਮ ਦਿੱਤਾ ਸੀ ?

(ੳ) ਇੰਡਸ (ਅ) ਇੰਡੀਆ (ੲ) ਆਰੀਆਵਰਤ (ਸ) ਭਾਰਤਵਰਸ਼

ਪ੍ਰਸ਼ਨ-7. ਹੈਰੋਡੋਟਸ ਦੀ ਕਿਤਾਬ ਦਾ ਨਾਂ ਕੀ ਹੈ ?

ੳ) ਹਿਸਟੋਰਿਕਾ (ਅ) ਇੰਡੀਕਾ (ੲ) ਪੰਚਤੰਤਰ (ਸ) ਅਰਥ ਸ਼ਾਸਤਰ

ਪ੍ਰਸ਼ਨ-8. ਮੈਗਸਥਨੀਜ ਦੀ ਕਿਤਾਬ ਦਾ ਨਾਂ ਦੱਸੋ ?

ੳ) ਹਿਸਟੋਰਿਕਾ (ਅ) ਇੰਡੀਕਾ (ੲ) ਪੰਚਤੰਤਰ (ਸ) ਅਰਥ ਸ਼ਾਸਤਰ

ਪ੍ਰਸ਼ਨ -9. 8◆↔☨✿☚◆▲ ਸ਼ਬਦ ਕਿਹੜੀ ਭਾਸ਼ਾ ਦਾ ਸ਼ਬਦ ਹੈ ?

ੳ) ਪੰਜਾਬੀ (ਅ) ਯੂਨਾਨੀ (ੲ) ਉਰਦੂ (ਸ) ਮਰਾਠੀ

ਪ੍ਰਸ਼ਨ -10.ਭਾਰਤੀ ਇਤਿਹਾਸ ਨੂੰ ਕਿੰਨੇ ਭਾਗਾਂ ਵਿੱਚ ਵੰਡਿਆਂ ਗਿਆ ਹੈ ?

ੳ) ਇੱਕ (ਅ) ਤਿੰਨ (ੲ) ਚਾਰ (ਸ) ਪੰਜ

ਪ੍ਰਸ਼ਨ-11. ਮਹਾਂਭਾਰਤ ਅਤੇ ਪੁਰਾਣਾਂ ਵਿੱਚ ਭਾਰਤ ਨੂੰ ਕੀ ਨਾਮ ਦਿੱਤਾ ਗਿਆ ?

(ੳ) ਇੰਡਸ (ਅ) ਹੋਡੂ (ੲ) ਹਿੰਦੂ (ਸ) ਭਾਰਤਵਰਸ਼

ਪ੍ਰਸ਼ਨ-12. ਬਾਈਬਲ ਪਵਿੱਤਰ ਗ੍ਰੰਥ ਵਿੱਚ ਕਿਹੜੇ ਸ਼ਬਦ ਦੀ ਵਰਤੋਂ ਕੀਤੀ ਗਈ ਹੈ ?

(ੳ) ਇੰਡਸ (ਅ) ਹੋਡੂ (ੲ) ਹਿੰਦੂ (ਸ) ਭਾਰਤਵਰਸ਼

ਪ੍ਰਸ਼ਨ -13. ਕਿਸ ਭਾਸ਼ਾ ਨੂੰ ਆਧੁਨਿਕ ਭਾਸ਼ਾਵਾਂ ਦੀ 'ਜਨਨੀ' ਮੰਨਿਆਂ ਜਾਂਦਾ ਹੈ ?

ੳ) ਹਿੰਦੀ (ਅ)ਪੰਜਾਬੀ (ੲ) ਸੰਸਕ੍ਰਿਤ (ਸ) ਪੰਜਾਬੀ

ਪ੍ਰਸ਼ਨ-14. ਖੱਬੇ ਤੋਂ ਸੱਜੇ ਵੱਲ ਕਿਹੜੀ ਲਿਪੀ ਲਿਖੀ ਜਾਂਦੀ ਹੈ ?

(ੳ) ਦੇਵਨਗਰੀ (ਅ) ਬ੍ਰਹਮੀ (ੲ) ਖਰੋਸਠੀ (ਸ) ਗੁਰਮੁਖੀ

ਪ੍ਰਸ਼ਨ-15. ਸੱਜੇ ਤੋਂ ਖੱਬੇ ਵੱਲ ਕਿਹੜੀ ਲਿਪੀ ਲਿਖੀ ਜਾਂਦੀ ਹੈ ?

(ੳ) ਦੇਵਨਗਰੀ (ਅ) ਬ੍ਰਹਮੀ (ੲ) ਖਰੋਸਠੀ (ਸ) ਗੁਰਮੁਖੀ

ਉੱਤਰ ਮਾਲਾ -1. ਅ 2. ਸ 3. ੲ 4. ੳ 5. ੲ 6. ਅ 7. ੳ 8.ਸ 9.ਅ 10.ਅ 11. ਸ 12. ਅ 13. ੲ 14.ਅ 15. ੲ

# ਸ਼ਾਹੀ ਇਮਾਮ ਨੇ ਸਰਦਾਰ ਭਗਵੰਤ ਸਿੰਘ ਮਾਨ ਨੂੰ ਦਿੱਤੀ ਵਧਾਈ



## ਮੌਲਾਨਾ ਉਸਮਾਨ ਧਾਰਮਿਕ ਸਮਾਗਮਾਂ 'ਚ ਲਗਾਤਾਰ ਵੋਟ ਨਾ ਵੇਚਣ ਦਾ ਪਰਚਾਰ ਕਰਦੇ ਰਹੇ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਜਿੱਥੇ ਵੱਖ-ਵੱਖ ਧਾਰਮਿਕ ਆਗੂਆਂ ਵੱਲੋਂ ਕਈ ਸਿਆਸੀ ਜਮਾਤਾਂ ਦੇ ਹੱਕ 'ਚ ਐਲਾਨ ਕੀਤੇ ਗਏ ਸਨ ਓਥੇ ਹੀ ਲੁਧਿਆਣਾ ਦੀ ਇਤਿਹਾਸਿਕ ਜਾਮਾ ਮਸਜਿਦ ਵੱਲੋਂ ਸਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਸਿਆਸੀ ਦਬਾਓ ਦੇ ਬਾਵਜੂਦ ਕਿਸੀ ਵੀ ਸਿਆਸੀ ਧਿਰ ਦੀ ਹਿਮਾਇਤ ਦਾ ਐਲਾਨ ਨਹੀਂ ਕੀਤਾ ਅਤੇ ਚੋਣਾਂ ਦੌਰਾਨ ਖੁਲ ਕੇ ਧਾਰਮਿਕ ਸਮਾਗਮਾਂ 'ਚ ਲੋਕਾਂ ਨੂੰ ਸ਼ਰਾਬ ਅਤੇ ਪੈਸੇ ਦੇ ਲਈ ਵੋਟਾਂ ਨਾ ਵੇਚਣ ਅਤੇ ਪੰਜਾਬ ਅਤੇ ਪੰਜਾਬੀ ਮਾਂ ਬੋਲੀ ਲਈ ਵੋਟ ਪਾਉਣ ਲਈ ਉਤਸਾਹਿਤ ਕਰਦੇ ਰਹੇ। ਸ਼ਾਹੀ ਇਮਾਮ ਨੇ ਆਪਣੇ ਭਾਸਨਾਂ 'ਚ ਦਬੰਗ ਲੀਡਰਾਂ ਨੂੰ ਵੀ ਜਨਤਾ ਤੋਂ ਡਰਨ ਦੀ ਨਸੀਹਤ ਕੀਤੀ ਸੀ। ਅੱਜ ਇੱਕ ਪ੍ਰੈਸ ਰਿਲੀਜ ਰਾਹੀ ਸ਼ਾਹੀ ਇਮਾਮ ਜੀ ਨੇ ਮੁੱਖ ਮੰਤਰੀ ਪੰਜਾਬ ਬਣਨ ਜਾ ਰਹੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਨੂੰ ਇਤਿਹਾਸਿਕ ਜਿੱਤ ਤੇ ਵਧਾਈ ਸੰਦੇਸ ਭੇਜਦੇ ਹੋਏ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਕਿਹਾ ਹੈ ਕਿ ਪੰਜਾਬ 'ਚ ਆਈ ਇਹ ਵੱਡੀ ਤਬਦੀਲੀ ਪੰਜਾਬੀਆਂ ਦੇ ਜਜਬਾਤ ਮੁਤਾਬਕ ਹੈ। ਸ਼ਾਹੀ ਇਮਾਮ ਮੌਲਾਨਾ ਉਸਮਾਨ ਲੁਧਿਆਣਵੀ ਨੇ ਕਿਹਾ ਕਿ ਅਸੀਂ ਦੁਆ ਕਰਦੇ ਹਾਂ ਕਿ ਸਰਦਾਰ ਭਗਵੰਤ ਮਾਨ ਪੰਜਾਬ ਨੂੰ ਮੁੜ ਉਨਾਂ ਵਡ ਮੂਲੀਆਂ ਰਵਾਇਤਾਂ ਵੱਲ ਲੈਕੇ ਜਾਣਗੇ ਜਿਨਾਂ ਤੇ ਹਮੇਸ਼ਾ ਪੰਜਾਬੀਆਂ ਨੂੰ ਮਾਣ ਰਿਹਾ ਹੈ।

# ਡਿਪਸ ਦੇ ਸੰਸਥਾਪਕ ਗੁਰਬਚਨ ਸਿੰਘ ਨੂੰ ਸ਼ਰਧਾਂਜਲੀ ਭੇਟ ਕਰ ਨਵੇਂ ਸੈਸ਼ਨ ਦੀ ਕੀਤੀ ਗਈ ਸ਼ੁਰੂਆਤ




**ਜਲੰਧਰ/ਦੀਪਕ ਨਟਰਾਜ, ਰਾਜੇਸ਼**

ਡਿਪਸ ਚੇਨ ਦੇ ਸਾਰੇ ਸਕੂਲਾਂ ਵਿਖੇ ਡਿਪਸ ਦੇ ਸੰਸਥਾਪਕ ਅਤੇ ਚੇਅਰਮੈਨ ਗੁਰਬਚਨ ਸਿੰਘ ਦੇ ਜਨਮ ਦਿਨ ਅਤੇ ਨਵੇਂ ਸੈਸ਼ਨ ਦੀ ਸ਼ੁਰੂਆਤ ਦੇ ਮੌਕੇ ਤੇ ਸੁਖਮਨੀ ਸਹਿਬ ਪਾਠ ਕਰਵਾਇਆ ਗਿਆ। ਪ੍ਰੋਗਰਾਮ ਵਿੱਚ ਮੁੱਖ ਤੌਰ @ਤੇ ਡਿਪਸ ਚੇਨ ਦੇ ਐਮਡੀ ਸਰਦਾਰ ਤਰਵਿੰਦਰ ਸਿੰਘ, ਚੇਅਰਪਰਸਨ ਜਸਵਿੰਦਰ ਕੌਰ, ਵਾਈਸ ਚੇਅਰਪਰਸਨ ਪ੍ਰੀਤਇੰਦਰ ਕੌਰ, ਸੀਈਓ ਮੋਨਿਕਾ ਮੰਡੋਤਰਾ ਨੇ ਚੇਅਰਮੈਨ ਗੁਰਬਚਨ ਸਿੰਘ ਯਾਦ ਕਿਆ। ਚੇਅਰਮੈਨ ਗੁਰਬਚਨ ਸਿੰਘ ਦੀ ਪੁਤਰੀ ਮਨਮੀਤ ਕੌਰ, ਡਾ ਜਸਮੀਤ ਕੌਰ, ਅਮਨਦੀਪ ਕੌਰ, ਸੀਏਓ ਰਮਨੀਕ ਸਿੰਘ, ਜਸ਼ਨ ਸਿੰਘ ਨੇ ਉਨਹਾਂ ਨੂੰ ਯਾਦ ਕਰਦੇ ਹੋਏ ਅਤੇ ਬੱਚਿਆਂ ਦੇ ਚੰਗੇ ਭਵਿਖ ਲਈ ਸੰਦੇਸ਼ ਭੇਜੇ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੇ ਡਿਪਸ ਦੇ ਸੰਸਥਾਪਕ ਗੁਰਬਚਨ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਅਤੇ ਨਵੇਂ ਸੈਸ਼ਨ ਦੀ ਸ਼ੁਰੂਆਤ ਲਈ ਅਸ਼ੀਰਵਾਦ ਲਿਆ। ਰਾਗੀ ਜਥਿਆਂ ਨੇ ਗੁਰੂ ਸਾਹਿਬ ਦੀ ਬਾਣੀ ਦਾ ਗੁਣਗਾਨ ਕਰਕੇ ਸਭ ਨੂੰ ਨਿਹਾਲ ਕੀਤਾ। ਪਾਠ ਉਪਰੰਤ ਸਾਰਿਆਂ ਨੂੰ ਲੰਗਰ ਅਤੁੱਟ ਵਰਤਾਇਆ ਗਿਆ। ਸਕੂਲ ਦੀ ਪ੍ਰਿੰਸੀਪਲ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਵੇਂ ਸੈਸ਼ਨ ਦੀ ਸ਼ੁਰੂਆਤ ਪੂਰੇ ਉਤਸ਼ਾਹ ਨਾਲ ਕਰਨ ਲਈ ਪ੍ਰੇਰਿਤ ਕੀਤਾ।

ਡਿਪਸ ਚੈਨ ਦੇ ਐਮ.ਡੀ ਸਰਦਾਰ ਤਰਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਜਿਸ ਤਰ੍ਹਾਂ ਚੇਅਰਮੈਨ ਗੁਰਬਚਨ ਸਿੰਘ ਦੇ ਸਮੇਂ ਅਧਿਆਪਕ ਆਪਣੀ ਡਿਊਟੀ ਪੂਰੀ ਮਿਹਨਤ ਨਾਲ ਨਿਭਾਉਂਦੇ ਸਨ, ਉਹੀ ਕਦਮਾਂ @ਤੇ ਚੱਲਦੇ ਹੋਏ ਅੱਜ ਵੀ ਉਹ ਬੱਚਿਆਂ ਨੂੰ ਨਵੀਆਂ ਗੱਲਾਂ ਸਿਖਾਉਣਗੇ ਅਤੇ ਬੱਚੇ ਲਗਨ ਨਾਲ ਕੰਮ ਕਰਦੇ ਰਹਿਣਗੇ।

ਸੀਈਓ ਮੋਨਿਕਾ ਮੰਡੋਤਰਾ ਨੇ ਦੱਸਿਆ ਕਿ ਡਿਪਸ ਦੇ ਚੇਅਰਮੈਨ ਗੁਰਬਚਨ ਸਿੰਘ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਆਸ਼ੀਰਵਾਦ ਨਾਲ ਨਵੇਂ ਸੈਸ਼ਨ ਦੀ ਸ਼ੁਰੂਆਤ ਕੀਤੀ ਗਈ ਤਾਂ ਜੋ ਬੱਚਿਆਂ ਦਾ ਨਵਾਂ ਸਾਲ ਖੁਸ਼ੀਆਂ ਨਾਲ ਭਰਿਆ ਰਹੇ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਵੀ ਆਉਣ ਵਾਲੇ ਸਾਲ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਬਟਾਲਾ ਅਤੇ ਸ੍ਰੀ ਹਰਗੋਬਿੰਦਪੁਰ ਵਿਧਾਨ ਸਭਾ ਹਲਕਿਆਂ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਜਿੱਤਾਂ ਦਰਜ ਕੀਤੀਆਂ

## ਕਾਦੀਆਂ, ਫ਼ਤਹਿਗੜ੍ਹ ਚੂੜੀਆਂ, ਗੁਰਦਾਸਪੁਰ, ਡੇਰਾ ਬਾਬਾ ਨਾਨਕ ਅਤੇ ਦੀਨਾਨਗਰ ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੇਤੂ ਰਹੇ

**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਵਿਧਾਨ ਸਭਾ ਚੋਣਾਂ-2022 ਦੇ ਨਤੀਜਿਆਂ ਦਾ ਅੱਜ ਐਲਾਨ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਗੁਰਦਾਸਪੁਰ ਦੇ 7 ਵਿਧਾਨ ਸਭਾ ਹਲਕਿਆਂ ਦੇ ਆਏ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਟਾਲਾ ਅਤੇ ਸ੍ਰੀ ਹਰਗੋਬਿੰਦਪੁਰ ਤੋਂ ਜੇਤੂ ਰਹੇ ਹਨ ਜਦਕਿ 5 ਵਿਧਾਨ ਸਭਾ ਹਲਕਿਆਂ ਡੇਰਾ ਬਾਬਾ ਨਾਨਕ, ਫ਼ਤਹਿਗੜ੍ਹ ਚੂੜੀਆਂ, ਕਾਦੀਆਂ, ਗੁਰਦਾਸਪੁਰ ਅਤੇ ਦੀਨਾਨਗਰ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ।

ਜ਼ਿਲ੍ਹਾ ਗੁਰਦਾਸਪੁਰ ਦੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਦੱਸਿਆ ਕਿ ਬਟਾਲਾ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਅਮਨ ਸ਼ੇਰ ਸਿੰਘ (ਸ਼ੈਰੀ ਕਲਸੀ) 28472 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ ਅਤੇ ਉਨ੍ਹਾਂ ਨੂੰ ਕੁੱਲ 55570 ਵੋਟਾਂ ਪਈਆਂ ਹਨ। ਉਨ੍ਹਾਂ ਦੱਸਿਆ ਕਿ ਦੂਸਰੇ ਸਥਾਨ 'ਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਅਸ਼ਵਨੀ ਸੇਖੜੀ ਰਹੇ ਹਨ, ਜਿਨ੍ਹਾਂ ਨੂੰ 27098 ਵੋਟਾਂ ਪਈਆਂ ਹਨ। ਬਟਾਲਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ. ਸੁੱਚਾ ਸਿੰਘ ਛੋਟੇਪੁਰ ਨੂੰ 23251 ਵੋਟਾਂ ਪਈਆਂ ਹਨ। ਕਮਿਊਨਿਸਟ ਪਾਰਟੀ ਦੇ ਉਮੀਦਵਾਰ ਸ. ਹੰਸਾ ਸਿੰਘ ਨੂੰ 332 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ. ਫ਼ਤਹਿਜੰਗ ਸਿੰਘ ਬਾਜਵਾ ਨੂੰ 13879 ਵੋਟਾਂ, ਪੰਜਾਬ ਕਿਸਾਨ ਦਲ ਦੇ ਉਮੀਦਵਾਰ ਸ. ਸੁਖਚੈਨ ਸਿੰਘ ਨੂੰ 523 ਵੋਟਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸ. ਗੁਰਬਚਨ ਸਿੰਘ ਨੂੰ 3653 ਵੋਟਾਂ, ਨੈਸ਼ਨਲ ਜਸਟਿਸ ਪਾਰਟੀ ਦੇ ਉਮੀਦਵਾਰ ਮਨਜੀਤ ਸਿੰਘ ਨੂੰ 156 ਵੋਟਾਂ, ਲੋਕ ਇਨਸਾਫ਼ ਪਾਰਟੀ ਦੇ ਉਮੀਦਵਾਰ ਵਿਜੇ ਕੁਮਾਰ ਤ੍ਰੇਹਨ ਨੂੰ 286 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਅਸ਼ਵਨੀ ਕੁਮਾਰ ਨੂੰ 109 ਵੋਟਾਂ, ਅਜ਼ਾਦ ਉਮੀਦਵਾਰ ਸ੍ਰੀ ਸੰਜੀਵ ਕੁਮਾਰ ਨੂੰ 178 ਵੋਟਾਂ, ਅਜ਼ਾਦ ਉਮੀਦਵਾਰ ਸ. ਸੁੱਚਾ ਸਿੰਘ ਨੂੰ 290 ਵੋਟਾਂ, ਅਜ਼ਾਦ ਉਮੀਦਵਾਰ ਸ. ਬਲਵਿੰਦਰ ਸਿੰਘ ਨੂੰ 1562 ਵੋਟਾਂ ਅਤੇ ਨੋਟਾ ਨੂੰ 658 ਵੋਟਾਂ ਪਈਆਂ ਹਨ। ਜ਼ਿਲ੍ਹਾ ਚੋਣ ਅਧਿਕਾਰੀ ਨੇ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਅਮਰਪਾਲ ਸਿੰਘ 16963 ਵੋਟਾਂ ਦੀ ਲੀਡ ਨਾਲ ਜੇਤੂ ਰਹੇ ਹਨ। ਉਨ੍ਹਾਂ ਨੂੰ ਕੁੱਲ 53205 ਵੋਟਾਂ ਪਈਆਂ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ. ਰਾਜਨਬੀਰ ਸਿੰਘ 36242 ਵੋਟਾਂ ਲੈ ਕੇ ਦੂਸਰੇ ਸਥਾਨ 'ਤੇ ਰਹੇ। ਉਨ੍ਹਾਂ ਅੱਗੇ ਦੱਸਿਆ ਕਿ ਕਾਂਗਰਸ ਪਾਰਟੀ ਦੇ ਮਨਦੀਪ ਸਿੰਘ ਨੂੰ 24563 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ. ਬਲਜਿੰਦਰ ਸਿੰਘ ਨੂੰ 1318 ਵੋਟਾਂ, ਬਹੁਜਨ ਸਮਾਜ ਪਾਰਟੀ (ਅੰਬੇਦਕਰ) ਦੇ ਉਮੀਦਵਾਰ ਸ. ਜਸਬੀਰ ਸਿੰਘ ਚਾਹਲ ਨੂੰ 1731 ਵੋਟਾਂ, ਪੀਪਲਜ਼ ਪਾਰਟੀ ਆਫ ਇੰਡੀਆ (ਡੈਮੋਕ੍ਰੇਟਿਕ) ਦੇ ਸ. ਮੁਖਤਿਆਰ ਸਿੰਘ ਨੂੰ 425 ਵੋਟਾਂ, ਸਾਂਝੀ ਵਿਰਾਸਤ ਪਾਰਟੀ ਦੇ ਉਮੀਦਵਾਰ ਸ. ਰੇਸ਼ਮ ਸਿੰਘ ਨੂੰ 353 ਵੋਟਾਂ, ਅਜ਼ਾਦ ਉਮੀਦਵਾਰ ਸ. ਹੰਸਾ ਸਿੰਘ ਨੂੰ 478 ਵੋਟਾਂ, ਅਜ਼ਾਦ ਉਮੀਦਵਾਰ ਡਾ. ਕਮਲਜੀਤ ਸਿੰਘ ਨੂੰ 4757 ਵੋਟਾਂ ਅਤੇ ਨੋਟਾ ਨੂੰ 1401 ਵੋਟਾਂ ਪਈਆਂ ਹਨ। ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਵਿਧਾਨ ਸਭਾ ਹਲਕਾ ਫ਼ਤਹਿਗੜ੍ਹ ਚੂੜੀਆਂ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ 5545 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ। ਉਨ੍ਹਾਂ ਨੂੰ ਕੁੱਲ 46311 ਵੋਟਾਂ ਪੋਲ ਹੋਈਆਂ ਹਨ। ਇਸ ਹਲਕੇ ਤੋਂ 40766 ਵੋਟਾਂ ਲੈ ਕੇ ਸ਼੍ਰੋਮਣੀ ਅਕਾਲੀ ਦਲ ਸ. ਲਖਬੀਰ ਸਿੰਘ ਲੋਧੀਨੰਗਲ ਦੂਸਰੇ ਸਥਾਨ 'ਤੇ ਰਹੇ ਹਨ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਬਲਬੀਰ ਸਿੰਘ ਨੂੰ 35819 ਵੋਟਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸ. ਕੁਲਵੰਤ ਸਿੰਘ ਨੂੰ 3390 ਵੋਟਾਂ, ਪੰਜਾਬ ਲੋਕ ਕਾਂਗਰਸ ਪਾਰਟੀ ਦੇ ਸ. ਤਜਿੰਦਰ ਸਿੰਘ ਨੂੰ 406 ਵੋਟਾਂ, ਅਜ਼ਾਦ ਉਮੀਦਵਾਰ ਸ. ਅਮਰਬੀਰ ਸਿੰਘ ਨੂੰ 196 ਵੋਟਾਂ, ਅਜ਼ਾਦ ਉਮੀਦਵਾਰ ਸ. ਸਾਹਿਬ ਸਿੰਘ ਨੂੰ 399 ਵੋਟਾਂ, ਅਜ਼ਾਦ ਉਮੀਦਵਾਰ ਸ. ਬਲਜਿੰਦਰ ਸਿੰਘ ਨੂੰ 723 ਵੋਟਾਂ ਅਤੇ ਨੋਟਾ ਨੂੰ 812 ਵੋਟਾਂ ਪਈਆਂ ਹਨ। ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ. ਸੁਖਜਿੰਦਰ ਸਿੰਘ ਰੰਧਾਵਾ 466 ਵੋਟਾਂ ਦੀ ਲੀਡ ਨਾਲ ਜੇਤੂ ਰਹੇ ਹਨ ਅਤੇ ਉਨ੍ਹਾਂ ਨੂੰ ਕੁੱਲ 52555 ਵੋਟਾਂ ਪਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸ. ਰਵੀਕਰਨ ਸਿੰਘ ਕਾਹਲੋਂ 52089 ਵੋਟਾਂ ਲੈ ਕੇ ਦੂਸਰੇ ਸਥਾਨ 'ਤੇ ਰਹੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਗੁਰਦੀਪ ਸਿੰਘ ਨੂੰ 31742 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ. ਕੁਲਦੀਪ ਸਿੰਘ ਨੂੰ 1913 ਵੋਟਾਂ, ਅਜ਼ਾਦ ਉਮੀਦਵਾਰ ਸ. ਸਤਨਾਮ ਸਿੰਘ ਨੂੰ 535 ਵੋਟਾਂ, ਅਜ਼ਾਦ ਉਮੀਦਵਾਰ ਸ. ਸੁਖਜਿੰਦਰ ਸਿੰਘ ਨੂੰ 887 ਵੋਟਾਂ, ਅਜ਼ਾਦ ਉਮੀਦਵਾਰ ਸ. ਗੁਰਦੀਪ ਸਿੰਘ ਨੂੰ 264

# ਹਲਕਾ ਖੇਮਕਰਨ ਤੋਂ ਆਮ ਪਾਰਟੀ ਦੇ ਉਮੀਦਵਾਰ ਸਰਵਨ ਸਿੰਘ ਧੁੰਨ ਦੀ ਜਿੱਤ ਦੀ ਖੁਸ਼ੀ ਵਿਚ ਲੱਡੂ ਵੰਡੇ



**ਅਮਰਕੋਟ/ਹਰਜੀਤ ਸਿੰਘ ਵਲਟੋਹਾ**

ਅੱਡਾ ਵਲਟੋਹਾ ਵਿਖੇ ਆਮ ਪਾਰਟੀ ਦੇ ਉਮੀਦਵਾਰ ਸ ਸਰਵਨ ਸਿੰਘ ਧੁੰਨ ਦੀ ਜਿੱਤ ਦੀ ਖੁਸ਼ੀ ਵਿਚ ਆਪ ਵਰਕਰਾਂ ਨੇ ਲੱਡੂ ਵੰਡੇ ਅਤੇ ਭੰਗੜੇ ਪਾਏ ਇਸ ਮੌਕੇ ਬਾਬਾ ਗੁਰਮੀਤ ਸਿੰਘ ਜੀ ਵਲਟੋਹਾ , ਸੁਖਬੀਰ ਸਿੰਘ ਵਲਟੋਹਾ ,ਕਰਮਜੀਤ ਸਿੰਘ ਦਿਓਲ, ਕਾਰਜ ਸਿੰਘ ਸਰਪੰਚ ,ਬਲਦੇਵ ਸਿੰਘ ਪ੍ਰਧਾਨ ,ਗੁਰਦੇਵ ਸਿੰਘ ਫੌਜੀ, ਗੁਰਵੇਲ ਸਿੰਘ ਦਿਓਲ ,ਦਲਜੀਤ ਸਿੰਘ ਮੰਡ.,ਕੰਵਲਜੀਤ ਸਿੰਘ ਮਝੈਲ, ਸਨੀ ਧੀਰ, ਪਿਆਰਾ ਸਿੰਘ ,ਟੀਟੂ, ਹਰਜੀਤ ਫੋਟੋ ਸਟੂਡੀਓ ,ਰੇਸ਼ਮ ਸਿੰਘ ਸਾਉਂਡ ਵਾਲਾ ,ਬੱਗਾ ਸਿੰਘ ਮਿਸਤਰੀ, ਲਾਡੀ ਬੁੱਕ ਸਟਾਲ ,ਅਮਨ ਰੈਡੀਮੈਂਡ,ਬਿੱਕਰ ਸਿੰਘ ਟਾਇਰ ਵਾਲਾ, ਰਣਜੀਤ ਸਿੰਘ ਹਨੀ, ਗੁਰਸੇਵਕ ਸਿੰਘ ਬਾਬਾ ,ਇੰਦਰਜੀਤ ਸਿੰਘ ਡੀ ਸੀ , ਸਹਿਰਾਜ ਸਿੰਘ, ਗੁਰਦੇਵ ਸਿੰਘ ਦਿਓਲ,ਸੁਖਬੀਰ ਸਿੰਘ ਮੰਡ ,ਬੌਕਸਰ ਵਲਟੋਹਾ, ਦਮਨ ਸਿੰਘ ਮੈਂਬਰ, ਹਰਚੰਦ ਸਿੰਘ ਰਾੜੀਆ, ਹਰਪ੍ਰੀਤ ਸਿੰਘ ਦਿਓਲ , ਨਿਰਮਲ ਸਿੰਘ ਗਡ ?ਾ ਅਤੇ ਇਲਾਕੇ ਦੇ ਬਹੁਤ ਸਾਰੇ ਆਮ ਪਾਰਟੀ ਦੇ ਵਰਕਰ ਹਾਜ਼ਰ ਸਨ ।

# ਖਾਲਸਾ ਕਾਲਜ ਵਿਖੇ 'ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ 2022' ਦਾ 6ਵਾਂ ਦਿਨ

**ਅੰਮ੍ਰਿਤਸਰ/ਲੋਕ ਬਾਣੀ**

ਇਸ 'ਚ ਕੋਈ ਦੋ ਰਾਇ ਨਹੀਂ ਕਿ ਕਹਾਣੀਆਂ ਲਿਖਣ ਵਾਲੀਆਂ ਲੇਖਕਾਵਾਂ ਆਪਣੀਆਂ ਕਹਾਣੀਆਂ ਵਿਚ ਸਮਾਜ ਦੇ ਵੱਖ-ਵੱਖ ਮਸਲਿਆਂ ਦੀ ਗੱਲ ਕਰ ਰਹੀਆਂ। ਪਰ ਫਿਲਹਾਲ ਔਰਤਾਂ ਦਾ ਆਪਣੀਆਂ ਸਮੱਸਿਆਵਾ ਬਾਰੇ ਲਿਖਣ ਦਾ ਦਾਇਰਾ ਹੀ ਇੰਨਾ ਵੱਡਾ ਹੈ ਕਿ ਹੋਰਾਂ ਦੇ ਮਸਲੇ ਥੋੜ੍ਹੀ ਉਡੀਕ ਕਰ ਸਕਦੇ ਹਨ। ਇਹ ਵਿਚਾਰ ਕਹਾਣੀਕਾਰਾ ਤ੍ਰਿਪਤਾ ਕੇ. ਸਿੰਘ ਨੇ ਨੈਸ਼ਨਲ ਬੁਕ ਟਰੱਸਟ ਇੰਡੀਆ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ 'ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ 2022' ਦੇ 6ਵੇਂ ਦਿਨ 'ਔਰਤ ਮਨ ਦੀਆਂ ਬਾਤਾਂ' ਸਿਰਲੇਖ ਹੇਠ ਨਾਰੀ ਕਹਾਣੀਕਾਰਾਂ ਦੀ ਪੈਨਲ ਚਰਚਾ ਦੌਰਾਨ ਪ੍ਰਗਟ ਕੀਤੇ।



ਉਨ੍ਹਾਂ ਕਿਹਾ ਕਿ ਛੋਟੀ ਉਮਰ ਵਿਚ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਗੁੰਝਲਾਂ ਵਿਚ ਉਲਝਣਾ ਪਿਆ। ਪਰ ਉਨ੍ਹਾਂ ਆਪਣੇ ਸੁਪਨਿਆਂ ਦਾ ਸਿਰਾ ਫੜੀ ਰੱਖਿਆ ਤੇ ਆਪਣੇ ਅੰਦਰ ਪਈ ਲੇਖਕਾ ਨੂੰ ਤਿਆਰ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਆਪਣੇ ਸੁਪਨਿਆਂ ਨੂੰ ਕਦੇ ਵੀ ਪਿੱਛੇ ਨਹੀਂ ਛੱਡਣਾ ਚਾਹੀਦਾ। ਸੁਪਨਾ ਸੱਚ ਕਰਨ ਦੀ ਕੋਈ ਵੀ ਉਮਰ ਨਹੀਂ ਹੁੰਦੀ। ਜਿਵੇਂ ਉਨ੍ਹਾਂ ਨੇ ਵਡੇਰੀ ਉਮਰ ਵਿਚ ਆਪਣਾ ਸੁਪਨਾ ਸੱਚ ਕੀਤਾ, ਕੋਈ ਵੀ ਕਰ ਸਕਦਾ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਬਚਪਨ ਤੋਂ ਇਕੱਲ ਹੰਢਾਈ। ਇਕੱਲਤਾ ਨੇ ਉਨ੍ਹਾਂ ਦੇ ਮਨ ਨੂੰ ਬਹੁਤ ਪ੍ਰਭਾਵਿਤ ਕੀਤਾ। ਉਨ੍ਹਾਂ ਕਿਹਾ ਕਿ ਬਰਾਬਰੀ ਦੀਆਂ ਗੱਲਾਂ ਜਿੰਨੀਆਂ ਮਰਜ਼ੀ ਕਰ ਲਈਏ ਪਰ ਅਸਲ ਜੀਵਨ ਵਿਚ ਔਰਤ ਮਰਦ ਦੀ ਬਰਾਬਰੀ ਨਹੀਂ ਹੈ। ਕਹਾਣੀਕਾਰਾ ਅਰਵਿੰਦਰ ਧਾਲੀਵਾਲ ਨੇ ਮਨ ਦੀਆਂ ਬਾਤਾਂ ਕਰਦਿਆਂ ਕਿਹਾ ਕਿ ਚੜ੍ਹਦੀ ਉਮਰ ਵਿਚ ਮਨ ਦੇ ਜੋ ਵਲਵਲੇ ਸਨ ਉਹ ਉਨ੍ਹਾਂ ਨੇ ਆਪਣੀਆਂ ਲਿਖਤਾਂ ਦੇ ਰਾਹੀਂ ਪ੍ਰਗਟ ਕੀਤੇ। ਪਰ ਸਿਰਜਣਾ ਸ਼ੁਰੂ ਕਰਨ ਤੋਂ ਪਹਿਲਾਂ ਲੰਮਾ ਅਧਿਐਨ ਉਨ੍ਹਾਂ ਦੀ ਟੇਕ ਬਣਿਆ। ਉਨ੍ਹਾਂ ਨੇ ਖ਼ੂਬ ਸਾਹਿਤ ਪੜ੍ਹ ਕੇ ਸਿਰਜਣਾ ਸਿਰਜਣਾ ਵੱਲ ਕਦਮ ਵਧਾਇਆ। ਇਸ ਲਈ ਅੱਜ ਅਸੀਂ ਆਪਣੀ ਸਿਰਜਣਾ ਦੀ ਅਲੋਚਨਾ ਵੀ ਆਪ ਕਰ ਸਕਦੀਆਂ ਹਾਂ। ਉਨ੍ਹਾਂ ਨੇ ਕਿਹਾ ਕਿ ਉਰਦੂ ਦੇ ਅਧਿਐਨ ਨੇ ਕਹਾਣੀ ਸਿਰਜਣਾ ਵਿਚ ਵੱਡੀ ਭੂਮਿਕਾ ਨਿਭਾਈ। ਸਾਅਦਤ ਹਸਨ ਮੰਟੋ ਦੀ ਕਹਾਣੀ ਠੰਢਾ ਗੋਸ਼ਤ ਉਰਦੂ ਵਿਚ ਪੜ੍ਹਨ ਤੋਂ ਬਾਅਦ ਆਪਣੀ ਕਹਾਣੀ ਝਾਂਜਰਾਂ ਵਾਲੇ ਪੈਰ ਲਿਖੀ।

ਕਹਾਣੀਕਾਰਾ ਸਰਘੀ ਨੇ ਕਿਹਾ ਕਿ ਮੇਰੇ ਘਰ ਵਿਚ ਬਾਤਾਂ ਵੀ ਸਨ, ਕਿਤਾਬਾਂ ਵੀ ਸਨ ਤੇ ਕਿਤਾਬਾਂ ਵਰਗੇ ਲੋਕ ਵੀ ਸਨ, ਜਿਨ੍ਹਾਂ ਨੇ ਮੈਨੂੰ ਕਹਾਣੀ ਲਿਖਣ ਵਾਸਤੇ ਪ੍ਰੇਰਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਔਰਤ ਵੱਲੋਂ ਲਿਖੀ ਗਈ ਕਹਾਣੀ ਉਸ ਦੀ ਸਵੈ-ਜੀਵਨੀ ਨਹੀਂ ਹੁੰਦੀ, ਬਲਕਿ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਫਰਾਇਡ ਦੇ ਹਵਾਲੇ ਨਾਲ ਸਰਘੀ ਨੇ ਕਿਹਾ ਕਿ ਲੇਖਕ ਦਾ ਅਵਚੇਤਨ ਮਨ ਸਿਜਰਣਾਸ਼ੀਲ ਹੁੰਦਾ ਹੈ, ਜਿਸ ਵਿਚੋਂ ਸਾਹਿਤਕ ਸਿਰਜਣਾ ਹੁੰਦੀ ਹੈ। ਔਰਤ ਤੇ ਮਰਦ ਦੀ ਸਮਾਜਿਕ ਵੰਡ ਵੀ ਵਾਜਿਬ ਨਹੀਂ ਹੈ ਕਿਉਂਕਿ ਪਿੱਤਰਕੀ ਦਾਬਾ ਦੋਵਾਂ ਨੂੰ ਇਕੋ ਜਿੰਨਾ ਆਪਣੇ ਗ਼ਲਬੇ ਵਿਚ ਲੈਂਦਾ ਹੈ।

ਕਹਾਣੀਕਾਰਾ ਦੀਪਤੀ ਬਬੂਟਾ ਨੇ ਕਿਹਾ ਕਿ ਉਹ ਮੁੱਢ ਤੋਂ ਹੀ ਸੋਚਦੇ ਸਨ ਕਿ ਉਹ ਦੂਸਰਿਆਂ ਤੋਂ ਵੱਖਰੀ ਕਿਵੇਂ ਹੈ। ਫਿਰ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਲੇਖਕ ਹਨ ਤੇ ਇਹੀ ਉਨ੍ਹਾਂ ਦੀ ਵਿਲੱਖਣਤਾ ਹੈ। ਉਨ੍ਹਾਂ ਦੇ ਪਿਤਾ ਕਾਮਰੇਡ ਸਨ, ਘਰ ਦਾ ਮਾਹੌਲ ਸਾਹਿਤ ਤੇ ਸਿਰਜਣਾ ਲਈ ਵਧੀਆ ਸੀ। ਆਪਣੀ ਕਹਾਣੀ ਸਿਰਜਣਾ ਬਾਰੇ ਗੱਲ ਕਰਦਿਆਂ ਉਨ੍ਹਾਂ_ਕਿਹਾ ਕਿ ਕਹਾਣੀ ਦੇ ਮੁੱਖ ਪਾਤਰ ਜ਼ਰੂਰੀ ਨਹੀਂ ਹੈ ਕਿ ਵਿਅਕਤੀ ਹੀ ਹੋਣ। ਉਹ ਬਿਰਖ ਤੇ ਘਰ ਵੀ ਹੋ ਸਕਦੇ ਹਨ।

ਕਸ਼ਮੀਰੀ ਕਹਾਣੀਕਾਰਾ ਸੁਰਿੰਦਰ ਨੀਰ ਨੇ ਕਿਹਾ ਕਿ ਮੈਂ ਕਸ਼ਮੀਰ ਦੇ ਉਸ ਖਿੱਤੇ ਤੋਂ ਆਉਂਦੀ ਹਾਂ, ਜਿੱਥੇ ਪੰਜਾਬੀ ਭਾਸ਼ਾ ਨੂੰ ਫੈਲਾਉਣ ਦਾ ਕੰਮ ਗੁਰਦਵਰਾਇਆਂ ਨੇ ਕੀਤਾ। ਕਾਲਜ ਦੇ ਅਧਿਆਪਕਾਂ ਦੀ ਪ੍ਰੇਰਨਾ ਨਾਲ ਉਨ੍ਹਾਂ ਲਿਖਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਕਸ਼ਮੀਰ ਦੇ ਹਾਲਾਤ ਵਿਚ ਔਰਤਾਂ ਦੀ ਹੋਣੀ ਨੂੰ ਕਹਾਣੀਆਂ ਵਿਚ ਉਤਾਰਿਆ। ਔਰਤ ਮਰਦ ਦੇ ਜੀਵਨ ਵਿਚ ਪਿੱਠ ਭੂਮੀ ਵਿਚ ਵਿਚਰਦੀ, ਪਰ ਜਦੋਂ ਮਰਦ ਨੂੰ ਮੁਸੀਬਤ ਆਉਂਦੀ ਹੈ ਤਾਂ ਅਗਵਾਈ ਵੀ ਕਰਦੀ ਹੈ। ਅੱਤਵਾਦ ਸਿਰਫ ਗੋਲੀਆਂ ਬਦੂੰਕਾ ਨਾਲ ਹੀ ਨਹੀਂ ਹੁੰਦਾ। ਔਰਤ ਘਰ ਦੇ ਅੰਦਰ ਵੀ ਅੱਤਵਾਦ ਹੰਢਾਉਂਦੀ ਹੈ।